


# ਅੰਮ੍ਰਿਤ ਕੀਰਤਨ

ੴ

ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ

ਮੁੱਲ : 10 ਰੁਪਏ □ ਮਾਰਚ 1997

# ਅੰਮ੍ਰਿਤ ਕੀਰਤਨ ਲਈ ਮਾਇਕ ਸਹਾਇਤਾ

'ਅੰਮ੍ਰਿਤ ਕੀਰਤਨ' ਤੁਹਾਡੀ ਮਾਇਕ ਸਹਾਇਤਾ ਅਤੇ ਅਗਵਾਈ ਸਦਕਾ ਹੀ ਨਿਰੰਤਰ ਅਤੇ ਨਿਰਵਿਘਨ ਜਾਰੀ ਰਖਿਆ ਜਾ ਸਕਦਾ ਹੈ । ਆਪ ਆਪਣੀ ਮਾਇਆ 'ਅੰਮ੍ਰਿਤ ਕੀਰਤਨ ਟਰਸਟ' ਦੇ ਨਾਮ ਭੇਜਣ ਦੀ ਕ੍ਰਿਪਾ ਕਰੋ । ਪਿਛਲੇ ਮਹੀਨੇ ਹੇਠ ਲਿਖੇ ਸਹਿਯੋਗੀਆਂ ਨੇ ਲਾਈਫ ਮੈਂਬਰ/ਸਲਾਨਾ ਮੈਂਬਰ ਅਤੇ ਵਿਸ਼ੇਸ਼ ਸਹਾਇਤਾ ਦੇ ਤੌਰ ਤੇ ਮਾਇਕ ਸਹਾਇਤਾ ਭੇਜੀ । ਉਹਨਾਂ ਦਾ ਬਹੁਤ ਬਹੁਤ ਧੰਨਵਾਦ ।

### ਸਲਾਨਾ ਮੈਂਬਰ

| | |
|---|---|
| ਅਨੰਦ ਪ੍ਰਕਾਸ਼ ਸਿੰਘ, ਨਵੀਂ ਦਿਲੀ | 100 ਰੁ. |
| ਅਮਰਜੀਤ ਸਿੰਘ, ਬੁਟਰ ਅਮਰੀਕਾ | 500 ਰੁ. |
| ਸ੍ਰ. ਕਸਮੀਰ ਸਿੰਘ, ਨਿਊਂ ਸਤਨਾਮਪੁਰਾ ਫਗਵਾੜਾ | 100 ਰੁ. |
| ਚਰਨਜੀਤ ਸਿੰਘ, ਚੰਡੀਗੜ੍ਹ | 100 ਰੁ. |
| ਸੁਰਿੰਦਰ ਕੌਰ, ਸ੍ਰੀ ਗੰਗਾ ਨਗਰ | 100 ਰੁ. |
| ਭਾ. ਹਰਦੀਪ ਸਿੰਘ, ਬੰਬਈ | 100 ਰੁ. |
| ਉਸਤਾਦ ਸੁਰਜੀਤ ਸਿੰਘ, ਚੀਮਾ ਸਾਹਿਬ | 100 ਰੁ. |
| ਤੇਜਾ ਸਿੰਘ ਤਿਲਕ, ਬਰਨਾਲਾ | 100 ਰੁ. |
| ਮਿਸਜ਼ ਜੇ.ਕੇ. ਗਰੇਵਾਲ, ਚੰਡੀਗੜ੍ਹ | 100 ਰੁ. |
| ਸਕੱਤਰ, ਗੁਰਦੁਆਰਾ ਰਵੀਦਾਸ ਭਵਨ, ਘੱਲ | 100 ਰੁ. |
| ਬਚਨ ਸਿੰਘ, ਖਾਨੇ | 100 ਰੁ. |

### ਵਿਸ਼ੇਸ਼ ਸਹਾਇਤਾ

| | |
|---|---|
| ਡਾ. ਸੁਖਦੇਵ ਸਿੰਘ, ਮੁਲਾਂਪੁਰ, ਲੁਧਿਆਣਾ | 200 ਰੁ. |
| ਸਰਦਾਰਨੀ ਇਕਬਾਲ ਕੌਰ, ਚੰਡੀਗੜ੍ਹ | 250 ਰੁ. |
| ਜੀ.ਐਸ. ਕੋਹਲੀ, ਕਵੈਂਟਰੀ ਇੰਗਲੈਂਡ | 500 ਰੁ. |
| ਸ੍ਰ. ਹਰੀ ਸਿੰਘ ਕੁਵੈਤ ਵਾਲੇ, ਚੰਡੀਗੜ੍ਹ | 500 ਰੁ. |
| ਅਜੀਤ ਸਿੰਘ ਬੇਦੀ, ਮੰਤ ਮੌਰ | 200 ਰੁ. |
| ਸ੍ਰ. ਜਗਜੀਤ ਸਿੰਘ ਬੇਦੀ, ਚੰਡੀਗੜ੍ਹ | 100 ਰੁ. |
| ਐਚ. ਐਸ. ਮਲੀ, ਚੰਡੀਗੜ੍ਹ | 251 ਰੁ. |
| ਸ੍ਰ. ਬੇਅੰਤ ਸਿੰਘ, ਚੰਡੀਗੜ੍ਹ | 50 ਰੁ. |
| ਡਾ. ਪਰੀਤਮ ਸਿੰਘ, ਯੂ.ਐਸ.ਏ. | 500 ਰੁ. |

### ਸਾਡੇ ਲਾਈਫ ਮੈਂਬਰ

ਕਰਨਲ ਜੇ. ਐਸ. ਕੰਗ
106 ਸੈਕਟਰ, 8 ਏ
ਚੰਡੀਗੜ੍ਹ - 16008

## ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚੋਂ 50 ਸ਼ਬਦਾਂ ਦੀਆਂ ਪ੍ਰੋ. ਤਾਰਾ ਸਿੰਘ ਜੀ ਦੀਆਂ ਵੱਖ-ਵੱਖ ਰਾਗਾਂ ਵਿੱਚ ਰਚੀਆਂ ਨਿਵੇਕਲੀਆਂ ਸੁਰ ਲਿਪੀਆਂ ।

ਇਹ ਪੁਸਤਕ ਕੀਰਤਨੀਆਂ ਅਤੇ ਸੰਗੀਤ ਵਿਦਿਆਰਥੀਆਂ ਲਈ ਬੜੀ ਲਾਹੇਵੰਦ ਸਾਬਤ ਹੋਵੇਗੀ ।

ਸੰਪਾਦਕ : ਸ੍ਰੀਮਤੀ ਸੁਰਜੀਤ ਕੌਰ ਸੁਪਤਨੀ ਪ੍ਰੋ. ਤਾਰਾ ਸਿੰਘ । ਡਾ. ਗੁਰਨਾਮ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ
ਪ੍ਰਕਾਸ਼ਕ : ਅੰਮ੍ਰਿਤ ਕੀਰਤਨ ਟ੍ਰਸਟ ਕੀਮਤ: ਸਜਿਲਦ-70 ਰੁ. ਪੇਪਰ ਬੈਕ-50 ਰੁ.

422, ਸੈਕਟਰ 15-ਏ, ਚੰਡੀਗੜ੍ਹ-160 015


**FORM IV**
**STATEMENT OF OWNERSHIP**
**(See Rule 8)**

| | | |
|---|---|---|
| Place of Publication | : | Chandigarh |
| Periodicity of Publication | : | Monthly |
| Editor, Printer & Publisher's Name | : | Dr. Jagir Singh |
| Nationality | : | Indian |
| Owner of Newspaper | : | President, Amrit Kirtan Trust |

I, Dr. Jagir Singh, hereby declare that the particulars given above are true to the best of my knowledge and belief.

Date : March 1, 1997

sd/-
Dr. Jagir Singh
Publisher

ਸੰਪਾਦਕ (ਆਨਰੇਰੀ)

ਡਾ. ਜਾਗੀਰ ਸਿੰਘ

ਐਮ.ਏ. (ਸੰਗੀਤ,ਪੰਜਾਬੀ,ਧਾਰਮਿਕ ਅਧਿਐਨ) ਪੀ.ਐਚ.ਡੀ.


# ਅੰਮ੍ਰਿਤ ਕੀਰਤਨ


ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 3 ਸਾਲ ਨੌਵਾਂ ਮਾਰਚ 1997



ਸਹਿਯੋਗੀ

ਡਾ. ਤ੍ਰਿਲੋਚਨ ਸਿੰਘ ਤਰਸੀ

ਡਾ. ਕਰਨੈਲ ਸਿੰਘ ਸੋਮਲ

ਡਾ. ਹਰਨੇਕ ਸਿੰਘ ਕਲੇਰ

ਸ. ਜੋਤਿੰਦਰ ਸਿੰਘ ਸੋਹਲ

ਸ. ਹਰਭਜਨ ਸਿੰਘ ਚੋਪੜਾ

ਪ੍ਰੋ. ਸਤਵਿੰਦਰ ਸਿੰਘ

ਸ. ਕੇ. ਐਸ. ਚੁਘ

ਚਿੱਤਰਕਾਰ

ਗੁਰਦੀਪ ਸਿੰਘ ਦੀਪ

ਸਰਪ੍ਰਸਤ

ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ.)
1051, ਸੈਕਟਰ 27 ਬੀ,
ਚੰਡੀਗੜ
ਫੋਨ-650696



| | |
|---|---|
| ਮਿਤ੍ਰ ਅਸਾਡੜੇ ਸੇਈ | 1 |
| ਕਰਉ ਬੇਨੰਤੀਆ | 3 |
| ਸ਼ਾਸਤ੍ਰੀਆ-ਸੰਗੀਤ ਅਤੇ ਗੁਰਮਤਿ ਸੰਗੀਤ -ਪ੍ਰਿੰਸੀਪਲ ਦਿਆਲ ਸਿੰਘ | 3 / 4 |
| ਭਗਤ ਰਵਿਦਾਸ ਜੀਵਨ ਤੇ ਬਾਣੀ -ਡਾ. ਹਰਨੇਕ ਸਿੰਘ ਕਲੇਰ | 6 |
| ਕੀਰਤਨ-ਮਹਿਮਾ -ਪ੍ਰਿੰਸੀਪਲ ਦਰਸ਼ਨ ਸਿੰਘ | 9 |
| ਸਿੱਖ ਮੱਤ ਅਤੇ ਮਨੁੱਖ ਮੱਤ -ਡਾ. ਸੁਰਜੀਤ ਸਿੰਘ ਕੁੰਜਾਹੀ | 13 |
| ਪ੍ਰਸ਼ਨਾਵਲੀ | 17 |
| ਕੀਰਤਨ ਕਲਾਸਾਂ | 18 |
| ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ | 19 |
| ਸੁਰ ਲਿਪੀ-ਰਾਗ ਲਲਿਤ | 20 |
| ਸੁਰ ਲਿਪੀ-ਰਾਗ ਖਮਾਜ | 21 |
| ਜੰਤਰੀ ਮਹੀਨਾ ਮਾਰਚ | 24 |



ਚੰਦੇ ਦਾ ਵੇਰਵਾ :

| | |
|---|---|
| ਇਕ ਕਾਪੀ | 10 ਰੁ. |
| ਸਲਾਨਾ | 100 ਰੁ. |
| ਜੀਵਨ ਮੈਂਬਰ (15 ਸਾਲ) | 1000 ਰੁ. |
| ਵਿਦੇਸ਼ ਸਲਾਨਾ | 500 ਰੁ. |
| ਜੀਵਨ ਮੈਂਬਰ (15 ਸਾਲ) | 5000 ਰੁ. |

ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ
ਚੰਡੀਗੜ੍ਹ-160 015
ਫੋਨ : 772660
45452

ਇਸ਼ਤਿਹਾਰਾਂ ਦਾ ਵੇਰਵਾ

| | |
|---|---|
| ਪਿੱਛਲਾ ਕਵਰ | 5000 ਰੁ. |
| ਕਵਰ ਦੇ ਅੰਦਰਲੇ ਪੰਨੇ | 3000 ਰੁ. |
| ਸਧਾਰਨ ਪੂਰਾ ਪੰਨਾ | 2000 ਰੁ. |
| ਸਧਾਰਨ ਅੱਧਾ ਪੰਨਾ | 1000 ਰੁ. |
| ਸਧਾਰਨ ਚੌਥਾਈ ਪੰਨਾ | 500 ਰੁ. |

■ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

■ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ-4-8-90 ਮਿਤੀ 20-2-91 ਅਨੁਸਾਰ ਰਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਣਿਤ ਹੈ ।

■ 'ਅੰਮ੍ਰਿਤ ਕੀਰਤਨ' ਲਈ ਚੈਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।

# ਮਿਤ੍ਰ ਅਸਾਡੜੇ ਸੇਈ

ਤੁਹਾਡੇ ਸੰਪਾਦਕੀ 'ਹਰਿ ਜੀਉ ਹੰਕਾਰ ਨਾ ਭਾਵਈ' ਵਿੱਚ ਦੱਸੀਆਂ ਘਟਨਾਵਾਂ ਨੇ ਤੁਹਾਡਾ ਹੰਕਾਰ ਜਰੂਰ ਘਟਾਇਆ ਹੋਵੇਗਾ । ਹੋ ਸਕਦਾ ਇਸ ਨੂੰ ਪੜ੍ਹ ਕੇ ਕੁਝ ਲੋਕਾਂ ਦੀ ਹੰਕਾਰ ਕਰਨ ਦੀ ਰੁਚੀ ਘਟ ਵੀ ਜਾਵੇਗੀ । ਪਰ ਇਹ ਘਟਨਾ ਪ੍ਰਕਾਸ਼ਿਤ ਕਰਕੇ ਤੁਸੀਂ ਆਪਣੇ ਲਈ ਇੱਕ ਮੁਸ਼ਕਿਲ ਖੜੀ ਕਰ ਲਈ ਹੈ । ਹੁਣ ਲੋਕ ਤੁਹਾਨੂੰ ਚਿੱਠੀਆਂ ਲਿਖਣਗੇ ਕਿ ਤੁਸੀਂ ਕਮਾਲ ਦੇ ਬੰਦੇ ਹੋ ਜੋ ਇਹੋ ਜਿਹੀਆਂ ਘਟਨਾਵਾਂ ਪਾਠਕਾਂ ਨਾਲ ਸਾਂਝੀਆਂ ਕਰਦੇ ਹੋ । ਇਹ ਚਿੱਠੀਆਂ ਤੁਹਾਡੇ ਹੰਕਾਰ ਵਿੱਚ ਵਾਧਾ ਕਰਨਗੀਆਂ । ਸ਼ੈਕਸ਼ਪੀਅਰ ਨੇ ਕਿਤੇ ਲਿਖਿਆ ਹੈ ਕਿ ਉਸ ਨੂੰ ਵੀ ਫੂਕ ਦਿੱਤੀ ਜਾ ਸਕਦੀ ਹੈ ਜਿਹੜਾ ਬਿਲਕੁਲ ਫੂਕ ਨਹੀਂ ਲੈਂਦਾ । ਬਸ ! ਚਾਰ ਬੰਦਿਆ ਦੇ ਸਾਹਮਣੇ ਇਹ ਕਹੋ ਕਿ ਇਹ ਬਹੁਤ ਚੰਗੇ ਬੰਦੇ ਹਨ ਇਹ ਫੂਕ ਨਹੀਂ ਲੈਂਦੇ ।

ਰੱਬ ਤੁਹਾਨੂੰ ਹੋਰ ਹੰਕਾਰੀ ਹੋਣ ਤੋਂ ਬਚਾਏ ।

ਚੰਡੀਗੜ੍ਹ — ਇੱਕ ਪਾਠਕ

ਤੁਹਾਡੇ ਸੰਪਾਦਕੀ ਮਾਨਵਤਾ ਨੂੰ ਸੇਧ ਦੇਣ ਵਾਲੇ ਹੁੰਦੇ ਹਨ । ਅਜਿਹੀਆਂ ਬਰਕਤਾਂ ਪ੍ਰਭੂ ਕ੍ਰਿਪਾ ਤੋਂ ਬਿਨਾ ਨਹੀਂ, ਪ੍ਰਾਪਤ ਹੁੰਦੀਆਂ । ਅਰਦਾਸ ਹੈ ਪਰਮਾਤਮਾ ਅਜਿਹੀ ਸਿਫਤ ਸਲਾਹ ਦੀ ਬਖਸ਼ਿਸ਼ ਬਣਾਈ ਰੱਖੇ ।

ਨਵੀਂ ਦਿੱਲੀ — ਆਰ.ਐਸ. ਅਹੂਜਾ

ਫਰਵਰੀ, 1997 ਦਾ 'ਅੰਮ੍ਰਿਤ ਕੀਰਤਨ' ਪਸੰਦ ਆਇਆ। 'ਕਰਉ ਬੇਨੰਤੀਆਂ' ਵਿਚ ਤੁਹਾਡੇ ਵਿਚਾਰ ਖੋਜ ਭਰਪੂਰ ਸਨ । ਡਾ. ਜੁਗਿੰਦਰ ਬਾਵਰਾ ਜੀ ਦਾ ਲੇਖ 'ਸਫਰਨਾਮਾਂ ਅਤੇ ਕਰਨਬੀਰ ਕੌਰ ਲਿਖਿਤ ਰਾਗ ਜੈਜਾਵੰਤੀ ਵਿੱਚ ਤਿੰਨ ਤਾਲ ਦੀ ਬੰਦਸ਼ ਬਹੁਤ ਪਸੰਦ ਆਈ । ਛੇਵਾਂ ਅਦੁਤੀ ਗੁਰਮਤਿ ਸੰਗੀਤ ਸੰਮੇਲਨ 96 ਦੀ ਰਿਪੋਰਟ ਜਾਣਕਾਰੀ ਭਰਪੂਰ ਸੀ ।

ਮਲੋਟ — ਪ੍ਰੋ. ਐਮ.ਐਸ. ਸਚਦੇਵਾ

ਫਰਵਰੀ 97 ਅੰਕ ਵਿਚ ਤੁਹਾਡੀ ਸੰਪਾਦਕੀ, ਬੀਬੀ ਕਰਮਬੀਰ ਕੌਰ ਦੀ ਨੋਟੇਸ਼ਨ, ਭਾਈ ਰਣਧੀਰ ਸਿੰਘ ਖਾਲਸਾ ਵੱਲੋਂ ਸੁਰ-ਲਿਪੀ ਬਹੁਤ ਕਾਬਲੇ ਤਾਰੀਫ ਸਨ ।

ਮਲੋਟ — ਪ੍ਰੋ. ਮੰਗਤ ਸਿੰਘ ਮਸਤਾਨਾ

ਜਨਵਰੀ 1997 ਦੇ ਅੰਕ ਵਿਚ ਤੁਹਾਡਾ ਸੰਪਾਦਕੀ , ਸੰਗੀਤ ਨਾਲ ਸਬੰਧਿਤ ਲੇਖ, ਗੁਰਮਤਿ, ਗੁਰਬਾਣੀ ਨਾਲ ਸਬੰਧਿਤ ਕਿਤਾਬਾਂ ਬਾਰੇ ਜਾਣਕਾਰੀ ਮੇਰੇ ਪ੍ਰਸੰਦੀਦਾ ਵਿਸ਼ੇ ਹਨ, 'ਅੰਮ੍ਰਿਤ ਕੀਰਤਨ' ਇਹ ਸਭ ਮੈਨੂੰ ਪ੍ਰਦਾਨ ਕਰਦਾ ਹੈ ।

ਗੁਰੂ ਕਾਸ਼ੀ ਕਾਲਜ, ਦਮਦਮਾ ਸਾਹਿਬ — ਪ੍ਰੋ. ਨਵਸੰਗੀਤ ਸਿੰਘ

'ਅੰਮ੍ਰਿਤ ਕੀਰਤਨ' ਸੰਗੀਤਕ ਜਾਣਕਾਰੀ ਦੇਣ ਵਾਲਾ ਪਰਚਾ ਹੋਣ ਕਾਰਨ ਮੈਨੂੰ ਬਹੁਤ ਪਸੰਦ ਹੈ । ਸੰਗੀਤਕਾਰਾਂ ਬਾਰੇ ਜਾਣਕਾਰੀ ਅਤੇ ਸ਼ਬਦਾਂ ਦੀ ਸੁਰ-ਲਿਪੀ ਵੀ ਲਾਭਦਾਇਕ ਹਨ । ਤੁਹਾਡੇ ਵੱਲੋਂ ਮਹੀਨੇ ਦੀ ਜੰਤਰੀ ਛਾਪਣਾ ਹੋਰ ਵੀ ਸਲਾਘਾਯੋਗ ਹੈ ।

ਜਲੰਧਰ ਸ਼ਹਿਰ — ਹਰਮਿੰਦਰ ਕੌਰ

'ਅੰਮ੍ਰਿਤ ਕੀਰਤਨ' ਵਿੱਚ ਪ੍ਰਕਾਸ਼ਿਤ ਲੇਖ 'ਪੰਜਾਬ ਦਾ ਭਗਤੀ ਸੰਗੀਤ' ਅਤੇ 'ਗੁਰੂ ਗੋਬਿੰਦ ਸਿੰਘ ਜੀ ਦੀ ਭਗਤੀ ਸੰਗੀਤ ਨੂੰ ਦੇਣ' ਲੇਖ ਕਾਫੀ ਰੌਚਕ ਹਨ । ਤੁਹਾਡੀ ਲਿਖਤ 'ਕਰਉ ਬੇਨੰਤੀਆਂ' ਅਤੇ 'ਸਾਡੇ ਕੀਰਤਨੀਏ ਵਿਦੇਸ਼ਾਂ ਵਿੱਚ' ਸਚਾਈ ਨਾਲ ਭਰਪੂਰ ਹਨ । ਸਾਡੇ ਕੀਰਤਨੀ ਸਿੰਘਾਂ ਨੂੰ ਵਿਦੇਸ਼ਾਂ ਵਿਚ ਜਾ ਕੇ ਮਾਇਆ ਤੋਂ ਇਲਾਵਾ ਧਰਮ ਪ੍ਰਚਾਰ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ।

ਬਰੇਲੀ ਕਾਲਜ, ਬਰੇਲੀ — ਗੁਰਮੀਤ ਸਿੰਘ ਮਨਕਾਨ

ਤੁਸੀਂ 'ਅੰਮ੍ਰਿਤ ਕੀਰਤਨ' ਰਾਹੀਂ ਸਿੱਖ ਜਗਤ ਦੀ ਜੋ ਸੇਵਾ ਕਰ ਰਹੇ ਹੋ, ਵਾਹਿਗੁਰੂ ਜੀ ਤੁਹਾਨੂੰ ਆਪਣੇ ਮਨੋਰਥਾਂ ਦੀ ਪੂਰਤੀ ਲਈ ਕਾਮਯਾਬੀ ਬਖਸ਼ਿਸ ਕਰਨ - ਦੁਆ ਹੈ ।

ਯੂ.ਐਸ.ਏ — ਸੁਖਬੀਰ ਸਿੰਘ ਸੋਢੀਆਂ

ਅੱਜ ਤੱਕ ਪੰਜਾਬੀ ਵਿੱਚ ਸੰਗੀਤ (ਕੀਰਤਨ) ਦਾ ਕੋਈ ਇਹੋ ਜਿਹਾ ਪਰਚਾ ਨਹੀਂ ਜਿਸ ਤਰ੍ਹਾਂ ਦੀ ਵਿਲੱਖਤਾ 'ਅੰਮ੍ਰਿਤ ਕੀਰਤਨ' ਰੱਖਦਾ ਹੈ । ਇਸ ਨਾਲ ਸਿੱਖ ਸਮਾਜ, ਕੀਰਤਨੀਏ, ਅਤੇ ਤਬਲਾ ਵਾਦਕਾਂ ਨੂੰ ਭਰਪੂਰ ਜਾਣਕਾਰੀ ਮਿਲਦੀ ਹੈ ।

ਲਖਨਊ (ਯੂ.ਪੀ) — ਹਰਬੰਸ ਸਿੰਘ,

'ਅੰਮ੍ਰਿਤ ਕੀਰਤਨ' ਸਦਾ ਚੜਦੀਆਂ ਕਲਾਂ ਵਿਚ ਅਗੇਰੇ ਵਧੇ, ਕੀਰਤਨ ਸਿੱਖਣ ਵਾਲੇ ਪ੍ਰੇਮੀਆਂ ਲਈ ਨਵੀਂ ਆਸ ਦੀ ਕਿਰਨ ਲੈ ਕੇ ਆਵੇ ।

ਬੰਬਈ — ਅੱਛਰ ਸਿੰਘ

## ਇੱਕ ਗੱਲ, ਤੁਹਾਡੇ ਨਾਲ

*'ਅੰਮ੍ਰਿਤ ਕੀਰਤਨ' ਦੇ ਪਿਆਰੇ ਪਾਠਕ ਵੀਰੋ ਤੇ ਭੈਣੋ, ਮੈਗਜ਼ੀਨ ਬਾਰੇ ਤੁਹਾਡੇ ਵਿਚਾਰਾਂ, ਰਾਵਾਂ ਤੇ ਸੁਝਾਵਾਂ ਦਾ ਸੁਆਗਤ ਹੈ । ਤੁਹਾਡੇ ਪੱਤਰਾਂ ਦੀ ਅਸੀਂ ਤੀਬਰਤਾ ਨਾਲ ਉਡੀਕ ਕਰਦੇ ਹਾਂ ਤੇ ਅੱਗੋਂ ਲਈ ਨੀਤੀਆਂ ਘੜਦੇ ਹਾਂ । ਸਾਡੇ ਲਈ ਹਰ ਇੱਕ-ਇੱਕ ਪਾਠਕ ਤੇ ਹਰ ਇੱਕ-ਇੱਕ ਪੱਤਰ ਕੀਮਤੀ ਹੈ ।*

# ਕਰਉ ਬੇਨੰਤੀਆ

## ਗੁਰਮਤਿ ਸੰਗੀਤ ਤੇ ਵਿੱਦਿਅਕ ਅਦਾਰੇ

ਪਹਿਲਾਂ ਕੀਰਤਨ ਅਰਥਾਤ ਗੁਰਮਤਿ ਸੰਗੀਤ ਗੁਰਦੁਆਰਿਆਂ ਤੱਕ ਹੀ ਸੀਮਤ ਸੀ ਜਾਂ ਸਿੱਖ ਧਰਮ ਦੇ ਸਮਾਜਕ (ਖੁਸ਼ੀ-ਗਮੀ ਦੇ) ਸਮਾਗਮਾਂ ਤੇ ਸਾਧਾਰਨ ਕੀਰਤਨ ਹੁੰਦਾ ਸੀ । ਕਦੀ ਕਦੀ ਵੱਡੇ ਸਮਾਗਮਾਂ ਤੇ ਕੀਰਤਨ ਦੇ ਰਵਾਇਤੀ ਕਲਾਸੀਕਲ ਪੱਖ ਵੱਲ ਧਿਆਨ ਦਿੰਦਿਆਂ ਸਿਆਣੇ ਕੀਰਤਨੀਏ ਰਵਾਇਤੀ ਸ਼ੈਲੀ ਵਿੱਚ ਕੀਰਤਨ ਕਰਦੇ ਸਨ ।

ਸਿੰਘ ਸਭਾ ਲਹਿਰ, ਸਿੱਖ ਵਿੱਦਿਅਕ ਕਾਨਫਰੰਸ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਝ ਜਤਨਾਂ ਸਦਕਾ ਕਲਾਸੀਕਲ ਕੀਰਤਨ ਦਰਬਾਰ ਸ਼ੁਰੂ ਹੋਏ । ਪਰ ਨਾਲ ਹੀ ਨਾਲ ਕੀਰਤਨ ਦਾ ਸਰਲ ਰੂਪ ਵਧੇਰੇ ਪ੍ਰਚਲਤ ਹੁੰਦਾ ਗਿਆ । ਰਿਕਾਰਡਾਂ ਅਤੇ ਕੈਸਟਾਂ ਬਣਾਉਣ ਵਾਲੀਆਂ ਕੰਪਨੀਆਂ ਆਪਣੀਆਂ ਕੈਸਟਾਂ ਦੀ ਵਿਕਰੀ ਨੂੰ ਧਿਆਨ ਵਿੱਚ ਰੱਖ ਕੇ ਹੀ ਕੈਸਟ ਟੇਪਾਂ ਰਿਕਾਰਡ ਕਰਵਾਉਂਦੀਆਂ ਰਹੀਆਂ ਹਨ । ਇਸ ਨਾਲ ਅਜੋਕੀ ਸਰਲ ਜਿਹੀ ਸ਼ੈਲੀ ਨੂੰ ਗੁਰਬਾਣੀ ਸੰਗੀਤ ਦੀ ਅਸਲੀ ਸ਼ੈਲੀ ਸਮਝਿਆ ਜਾਣ ਲੱਗ ਪਿਆ ਸੀ ।

ਪਿਛਲੇ ਕੁਝ ਸਮੇਂ ਤੋਂ ਵਿੱਦਿਅਕ ਅਦਾਰਿਆਂ ਵਿੱਚ ਗੁਰਬਾਣੀ ਕੀਰਤਨ ਨੂੰ ਪੰਜਾਬ ਦਾ ਬਹੁਮੁੱਲਾ ਵਿਰਸਾ ਸਮਝਦਿਆਂ ਵਿਦਿਆਰਥੀਆਂ ਵਿੱਚ ਇਸ ਦਾ ਪ੍ਰਚਾਰ ਕੀਤਾ ਗਿਆ ਹੈ । ਯੂਨੀਵਰਸਿਟੀਆਂ ਨੇ ਸ਼ਬਦ ਗਾਇਨ ਮੁਕਾਬਲੇ ਆਰੰਭ ਕੀਤੇ ਅਤੇ ਇਸ ਨੂੰ ਗੁਰਮਤਿ ਸੰਗੀਤ ਜਾਂ ਗੁਰਬਾਣੀ ਸੰਗੀਤ ਨਾਮ ਹੇਠ ਪਾਠ-ਕ੍ਰਮਾਂ ਵਿੱਚ ਸ਼ਾਮਲ ਕੀਤਾ ।

ਪੰਜਾਬ ਸਕੂਲ ਸਿੱਖਿਆ ਬੋਰਡ ਨੇ ਵੀ ਆਪਣਾ ਇੱਕ ਖੇਤਰੀ ਵਿਭਾਗ ਕਾਇਮ ਕੀਤਾ ਅਤੇ ਸਕੂਲੀ ਵਿਦਿਆਰਥੀਆਂ ਦੇ ਵੱਖ ਵੱਖ ਕਲਾਵਾਂ ਦੇ ਮੁਕਾਬਲੇ ਆਰੰਭ ਕੀਤੇ । ਲੇਖਕ ਨੂੰ ਸਕੂਲ ਪੱਧਰ ਅਤੇ ਯੂਨੀਵਰਸਿਟੀ ਪੱਧਰ ਤੇ ਸ਼ਬਦ ਗਾਇਨ ਮੁਕਾਬਲਿਆਂ ਵਿਚ ਬਤੌਰ ਜੱਜ ਸ਼ਾਮਲ ਹੋਣ ਦਾ ਮਾਣ ਪ੍ਰਾਪਤ ਹੁੰਦਾ ਰਹਿੰਦਾ ਹੈ । ਵਿਦਿਆਰਥੀਆਂ ਦਾ ਸ਼ਬਦ ਗਾਇਨ ਸੁਣਦਿਆਂ ਮਨ ਨੂੰ ਧਰਵਾਸ ਬੱਝਦੀ ਹੈ ਕਿ ਇਹ ਵਿਦਿਆਰਥੀ ਸਾਡੇ ਬਹੁ-ਗਿਣਤੀ ਕੀਰਤਨੀਆਂ ਨਾਲੋਂ ਬਹੁਤ ਵਧੀਆ ਕੀਰਤਨ ਕਰ ਸਕਦੇ ਹਨ ਬਸ਼ਰਤੇ ਉਹਨਾਂ ਦੀ ਇਸ ਕਲਾ ਨੂੰ ਸਕੂਲ ਤੋਂ ਬਾਹਰ ਵੀ ਉਤਸ਼ਾਹਿਤ ਕੀਤਾ ਜਾਵੇ ।

ਪਿਛਲੇ ਸਾਲਾਂ ਦੇ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਨੇ ਜੋ ਸਬਦ ਗਾਇਨ ਕੀਤਾ ਉਸ ਵਿੱਚ ਪ੍ਰਚਲਿਤ ਰਾਗਾਂ ਵਿੱਚ ਗਾਇਨ ਹੋਇਆ ਹੈ । ਵਿਦਿਆਰਥੀਆਂ ਨੇ ਬਿਖਰੇ ਤਾਲਾਂ ਅਤੇ ਪੜਤਾਲ ਸ਼ੈਲੀ ਵਿੱਚ ਕੀਰਤਨ ਕਰਕੇ ਸਭ ਨੂੰ ਹੈਰਾਨ ਕਰ ਦਿੱਤਾ ।

ਅੱਜ ਉਹਨਾਂ ਕੀਰਤਨੀਆਂ ਬਾਰੇ ਕੁਝ ਕਹਿੰਦਿਆਂ ਸ਼ਰਮ ਆਉਂਦੀ ਹੈ ਜਿਹੜੇ ਫਿਲਮੀ ਤਰਜ਼ਾਂ ਨੂੰ ਆਧਾਰ ਬਣਾ ਕੇ ਰੀਤਾਂ ਬਣਾਉਂਦੇ ਹਨ । ਜੇ ਇਹ ਸਕੂਲਾਂ ਦੇ ਨਿੱਕੇ ਨਿੱਕੇ ਵਿਦਿਆਰਥੀ ਇਤਨੇ ਸੁਚੱਜੇ ਢੰਗ ਨਾਲ ਨਿਰਧਾਰਿਤ ਰਾਗਾਂ ਵਿੱਚ ਕੀਰਤਨ ਕਰ ਸਕਦੇ ਹਨ ਤਾਂ ਸਾਡੇ ਕੀਰਤਨੀਆਂ ਨੂੰ ਕਿਹੜੀ ਔਕੜ ਹੈ ।

ਬੱਸ ਮਿਹਨਤ ਕਰਨ ਦੀ ਲੋੜ ਹੈ । ਆਪਣੀਆ ਕੱਚੀਆਂ ਨੂੰ ਪੱਕੀਆਂ ਦੇ ਭਾਅ ਵੇਚਣ ਦੀ ਕੋਸ਼ਿਸ਼ ਬੰਦ ਕੀਤੀ ਜਾਵੇ । ਸੰਗਤਾਂ ਦੀ ਗੁਰਬਾਣੀ ਵਿੱਚ ਅਥਾਹ ਸ਼ਰਧਾ ਦਾ ਨਜਾਇਜ਼ ਫਾਇਦਾ ਨਾ ਲਿਆ ਜਾਵੇ । ਸਾਡੇ ਗੁਰਦੁਆਰਾ ਪ੍ਰਬੰਧਕਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਨੇੜਲੇ ਸਕੂਲ ਦੇ ਅਧਿਆਪਕਾਂ, ਵਿਦਿਆਰਥੀਆਂ ਨਾਲ ਸੰਪਰਕ ਕਰਕੇ ਗੁਰਦੁਆਰਾ ਸਾਹਿਬਾਨ ਵਿੱਚ ਸਜਾਏ ਜਾਂਦੇ ਮੁੱਖ ਸਮਾਗਮਾਂ ਵਿੱਚ ਇਹਨਾਂ ਵਿਦਿਆਰਥੀਆਂ ਨੂੰ ਸਮਾਂ ਦੇ ਕੇ ਉਤਸ਼ਾਹਤ ਕਰਨ ਅਤੇ ਕਲਾਸੀਕਲ ਕੀਰਤਨ ਸ਼ੈਲੀ ਤੋਂ ਸੰਗਤਾਂ ਨੂੰ ਜਾਣੂ ਕਰਵਾਉਣ । ਆਪਣੇ ਹਜ਼ੂਰੀ ਕੀਰਤਨੀਆਂ ਨੂੰ ਵੀ ਕਲਾਸੀਕਲ ਕੀਰਤਨ ਕਰਨ ਲਈ ਪ੍ਰੇਰਿਆ ਜਾਵੇ । ਕੇਵਲ ਕੰਨ ਰਸ ਨੂੰ ਧਿਆਨ ਵਿੱਚ ਰੱਖ ਕੇ ਆਪਣੇ ਵਿਰਸੇ ਨੂੰ ਸਮੇਂ ਦੀ ਧੂੜ ਥੱਲੇ ਦੱਬਣ ਨਾ ਦਿੱਤਾ ਜਾਵੇ ।

ਇਹੀ ਬੇਨਤੀ ਸਕੂਲਾਂ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਅੱਗੇ ਹੈ ਕਿ ਉਹ ਆਪਣੇ ਕੀਰਤਨ ਨੂੰ ਕੇਵਲ ਵਿੱਦਿਅਕ ਮੁਕਾਬਲਿਆਂ ਤੱਕ ਹੀ ਸੀਮਤ ਨਾ ਰੱਖਣ ਸਗੋਂ ਇਸ ਨੂੰ ਹੋਰ ਸਮਾਗਮਾਂ ਤੇ ਵੀ ਪੇਸ਼ ਕਰਕੇ ਸੰਗਤਾਂ ਦੀਆਂ ਖੁਸ਼ੀਆਂ ਲੈਣ ਅਤੇ ਅਸੀਸਾਂ ਪ੍ਰਾਪਤ ਕਰਨ । ਕੀਰਤਨ ਦੀ ਮਹਿਮਾ ਇਹ ਹੈ ਕਿ ਇਹ ਤੁਹਾਡੀ ਸ਼ਖਸੀਅਤ ਨੂੰ ਚਾਰ ਚੰਨ ਲਾ ਦੇਵੇਗਾ । ਤੁਸੀਂ ਕੋਈ ਵੀ ਕੰਮ ਕਰੋਗੇ, ਕੀਰਤਨ ਦੀ ਦਾਤ ਤੁਹਾਡੇ ਖੰਭ ਬਣੇਗੀ ਅਤੇ ਤੁਹਾਡੀ ਤਰੱਕੀ ਵਿੱਚ ਬਹੁਤ ਸਹਾਈ ਹੋਵੇਗੀ ।

---

**ਲੇਖ - ਮੁਕਾਬਲਾ**

*ਸ੍ਰੀ ਦਰਬਾਰ ਸਾਹਿਬ ਤੋਂ ਕੀਰਤਨ-ਪ੍ਰਸਾਰਨ*

*ਉਪਰੋਕਤ ਵਿਸ਼ੇ ਤੇ 500 ਤੋਂ 600 ਸ਼ਬਦਾਂ ਦਾ ਇੱਕ ਲੇਖ ਭੇਜੋ । ਪੰਜ ਵਧੀਆ ਲੇਖਾਂ ਨੂੰ 100-100 ਰੁਪਏ ਦੀਆਂ ਪੁਸਤਕਾਂ ਇਨਾਮ ਵਜੋਂ ਦਿੱਤੀਆਂ ਜਾਣਗੀਆਂ । ਲੇਖ ਸਾਡੇ ਕੋਲ 30 ਅਪ੍ਰੈਲ 1997 ਤੱਕ ਪੁੱਜ ਜਾਣੇ ਚਾਹੀਦੇ ਹਨ ।*

*ਸੰਪਾਦਕ ਅੰਮ੍ਰਿਤ ਕੀਰਤਨ*

*422, ਸੈਕਟਰ 15-ਏ, ਚੰਡੀਗੜ - 160015*

## ਪ੍ਰਿੰਸੀਪਲ ਦਿਆਲ ਸਿੰਘ

# ਸ਼ਾਸਤ੍ਰੀਅ-ਸੰਗੀਤ ਅਤੇ ਗੁਰਮਤਿ ਸੰਗੀਤ

ਸ਼ਾਸਤ੍ਰੀਅ-ਸੰਗੀਤ ਤੇ ਗੁਰਮਤਿ ਸੰਗੀਤ ਦੀ ਸਮਾਨਤਾ ਅਤੇ ਭਿੰਨਤਾ ਸੰਬੰਧੀ ਲਿਖਣਾ ਇਸ ਲਈ ਜ਼ਰੂਰੀ ਹੈ ਕਿਉਂਕਿ ਸਿੱਖ ਪੰਥ ਦੇ ਕਈ ਵਿਦਵਾਨ ਗੁਰਮਤਿ ਸੰਗੀਤ ਨੂੰ ਇੱਕ ਵੱਖਰੀ ਪੱਧਤੀ ਦਾ ਸੰਗੀਤ ਮੰਨਦੇ ਹਨ । ਜਿਵੇਂ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ 'ਰਾਗ ਮਾਲਾ' ਹੋਰ ਸਾਰੇ ਸੰਗੀਤਕ ਮਤਾਂ ਤੋਂ ਭਿੰਨ ਅਰ ਇਸ ਗਲ ਦੀ ਸੂਚਕ ਹੈ, ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਗੀਤਕ ਮਤ ਦੂਸਰੇ ਮਤਾਂ ਤੋਂ ਭਿੰਨ ਹੈ ।" ਮੇਰੇ ਖਿਆਲ ਅਨੁਸਾਰ ਕਿਸੇ ਵਿਦਵਾਨ ਵਲੋਂ ਇੰਜ ਲਿਖਣਾ ਸੰਗੀਤ ਵਿੱਦਿਆ ਤੋਂ ਅਣਜਾਣ ਹੋਣ ਦਾ ਹੀ ਸੂਚਕ ਹੈ । ਕਿਉਂਕਿ ਭਾਰਤ ਵਰਸ਼ ਵਿਚ ਕੇਵਲ ਦੋ ਸੰਗੀਤ ਪ੍ਰਣਾਲੀਆਂ ਪ੍ਰਚਲਿਤ ਹਨ :-

(1) ਕਰਣਾਟਕੀ (2) ਹਿੰਦੁਸਤਾਨੀ ।

ਕਰਣਾਟਕੀ ਸੰਗੀਤ ਪ੍ਰਣਾਲੀ ਨੂੰ ਦੱਖਣੀ ਸੰਗੀਤ ਪੱਧਤੀ ਭੀ ਕਹਿੰਦੇ ਹਨ । ਇਹ ਮਦਰਾਸ, ਮੈਸੂਰ ਅਤੇ ਆਂਧਰਾ ਪ੍ਰਦੇਸ਼ ਵਿਚ ਹੀ ਪ੍ਰਚਲਿਤ ਹੈ ।

ਹਿੰਦੁਸਤਾਨੀ ਸੰਗੀਤ ਪ੍ਰਣਾਲੀ ਨੂੰ ਉੱਤਰੀ ਭਾਰਤੀ ਸੰਗੀਤ ਪੱਧਤੀ ਆਖਦੇ ਹਨ । ਇਹ ਮਦਰਾਸ, ਮੈਸੂਰ ਤੇ ਆਂਧਰਾ ਪ੍ਰਦੇਸ਼ ਨੂੰ ਛੱਡ ਕੇ ਬਾਕੀ ਸਾਰੇ ਭਾਰਤ ਵਿਚ ਪ੍ਰਚਲਿਤ ਹੈ ।

ਹਿੰਦੁਸਤਾਨੀ ਗਵੱਈਆਂ ਦੇ ਅਨੁਸਾਰ ਹੀ ਸਾਡੇ ਰਾਗੀ-ਰਬਾਬੀ (ਕੀਰਤਨੀਏ) ਜਿਨ੍ਹਾਂ ਰਾਗਾਂ ਵਿਚ ਗੁਰੂ ਸਾਹਿਬਾਨਾਂ ਦੇ ਸਮੇਂ ਤੋਂ ਕੀਰਤਨ ਕਰਦੇ ਆ ਰਹੇ ਹਨ, ਉਸ ਨੂੰ ਉੱਤਰੀ ਭਾਰਤ ਸੰਗੀਤ ਪੱਧਤੀ ਆਖਦੇ ਹਨ । ਇਸ ਲਈ ਗੁਰਮਤਿ ਸੰਗੀਤ ਸਿੱਖਣ ਵਾਲੇ ਵਿਦਿਆਰਥੀਆਂ ਦੀ ਗਿਆਤ ਅਤੇ ਲਾਭ ਹਿਤ ਸ਼ਾਸਤ੍ਰੀ-ਸੰਗੀਤ ਤੇ ਗੁਰਮਤਿ ਸੰਗੀਤ ਦਾ ਪਰਸਪਰ ਸੁਮੇਲ ਤੇ ਭਿੰਨਤਾ ਸੰਬੰਧੀ ਵਿਚਾਰ ਹੇਠਾਂ ਲਿਖਦੇ ਹਾਂ :-

੧. ਸ਼ਾਸਤ੍ਰੀ-ਸੰਗੀਤ ਤੇ ਗੁਰਮਤਿ ਸੰਗੀਤ ਦੀ ਨਿਯਮਾਵਲੀ ਇੱਕ ਹੈ । ਜਿਵੇਂ :- ਹਿੰਦੁਸਤਾਨੀ ਗਾਇਕ, ਗਾਇਨ ਕਰਨ ਵੇਲੇ ਰਾਗ ਭੈਰਉ, ਆਸਾਵਰੀ, ਬਿਲਾਵਲ ਆਦਿ ਰਾਗਾਂ ਦਾ ਆਲਾਪ ( ਸੁਰ ਵਿਸਥਾਰ) ਕਰਦੇ ਹੋਏ ਤਾਨ-ਪਲਟੇ ਲਾਉਂਦੇ ਹਨ । ਤਿਵੇਂ ਰਾਗੀ ਸਿੰਘ ਭੀ ਸ਼ਬਦ ਕੀਰਤਨ ਕਰਨ ਸਮੇਂ ਆਲਾਪ ਅਤੇ ਤਾਨ-ਪਲਟੇ ਲਾਉਂਦੇ ਹਨ । ਇਸੇ ਤਰ੍ਹਾਂ ਜਿਹੜੇ ਤਾਲ ਹਿੰਦੁਸਤਾਨੀ ਤਬਲਾ (ਜੋੜੀ) ਵਜਾਉਂਣ ਵੇਲੇ ਤਿੰਨ ਤਾਲ, ਇਕ ਤਾਲ, ਰੂਪਕ ਆਦਿ ਤਾਲਾਂ ਨੂੰ ਵਜਾਉਣ ਸਮੇਂ ਪੇਸ਼ਕਾਰ, ਕਾਇਦੇ, ਮੁਖੜੇ, ਤਿਹਾਈ ਲਾ ਕੇ ਤਾਲ ਦਾ ਮੁਕਾਅ ਕਰਦੇ ਹਨ, ਉਸੇ ਤਰ੍ਹਾਂ ਸਾਡੇ ਜੋੜੀ ਵਜਾਉਣ ਵਾਲੇ ਕਾਇਦੇ, ਪੇਸ਼ਕਾਰ, ਮੁਖੜੇ ਤਿਹਾਈ ਆਦਿ ਲਾਉਂਦੇ ਹਨ । ਇਹ ਸਾਡੀ ਤੇ ਉਨ੍ਹਾਂ ਦੀ ਸਮਾਨਤਾ ਹੈ ।

੨. ਹਿੰਦੁਸਤਾਨੀ ਗਾਇਕ ਧਰੁਪਦ ਆਰੰਭ ਕਰਨ ਤੋਂ ਪਹਿਲਾਂ ਦਸ-ਪੰਦਰਾਂ ਮਿੰਟ 'ਨੋਮ-ਤੋਮ, ਤਾਨਾ ਨਾਨਾ' ਰਾਹੀਂ ਅਲਾਪ ਕਰਦਾ ਹੋਇਆ ਰਾਗ ਦੇ ਸਰੂਪ ਨੂੰ ਪ੍ਰਗਟ ਕਰਦਾ ਹੈ । ਉਸ ਤੋਂ ਬਾਦ ਧਰੁਪਦ ਦੀ ਅਸਥਾਈ,


**ਆਪਣੇ ਸਨੇਹੀ ਨੂੰ 'ਅੰਮ੍ਰਿਤ ਕੀਰਤਨ'**
**ਤੋਹਫੇ ਵਜੋਂ ਭੇਟ ਕਰੋ !**

*ਤੁਸੀਂ ਆਪਣੇ ਅਤਿ ਪਿਆਰੇ ਸਨੇਹੀ ਨੂੰ ਤੋਹਫਾ ਦੇਣਾ ਚਾਹੁੰਦੇ ਹੋ ! ਹੋਰ ਵਸਤਾਂ ਭੁਲ-ਭੁਲਾ ਜਾਂਦੀਆਂ ਹਨ ਪਰ 'ਅੰਮ੍ਰਿਤ ਕੀਰਤਨ' ਹਰ ਮਹੀਨੇ ਤੁਹਾਡੇ ਸਨੇਹੀ ਕੋਲ ਪੁੱਜ ਕੇ ਤੁਹਾਡੀ ਯਾਦ ਤਾਜ਼ਾ ਕਰਾਏਗਾ ! ਅੱਜ ਹੀ ਚੰਦਾ ਭੇਜ ਕੇ ਇਹ ਸੁੰਦਰ ਤੋਹਫਾ ਭੇਟ ਕਰੋ ।*

*ਅੰਮ੍ਰਿਤ ਕੀਰਤਨ ਟ੍ਰਸਟ, 422, ਸੈਕਟਰ 15-ਏ ਚੰਡੀਗੜ ।*

ਅੰਤਰਾ, ਸੰਚਾਰੀ ਤੇ ਅਭੋਗ ਗਾਇਨ ਕਰਦਾ ਹੈ, ਫਿਰ ਦੁਗੁਨ, ਤ੍ਰਿਗੁਨ, ਆੜ-ਕੁਆੜ ਦੀ ਲਯ ਵਿਖਾਉਂਦਾ ਅਤੇ ਭਿੰਨ-ਭਿੰਨ ਰੂਪਾਂ ਵਿਚ ਤਿਹਾਈ ਲਾ ਕੇ ਆਪਣੇ ਗਾਇਨ ਦਾ ਮੁਕਾਅ ਕਰਦਾ ਹੈ । ਪਰ ਰਾਗੀ ਸਿੰਘ 'ਨੋਮ ਤੋਮ-ਤਾਨਾ ਨਾਨਾ' ਦੀ ਥਾਂ ਗੁਰੂ ਚਰਨਾਂ ਦਾ ਧਿਆਨ ਧਰ " ਡੰਡੋਤ ਬੰਦਨਾ" ਕਰਦਾ ਹੈ । ਫਿਰ ਧਰੁਪਦ-ਧਮਾਰ ਜਾਂ ਕਿਸੇ ਵੱਡੇ ਤਾਲ ਵਿਚ ਸ਼ਬਦ-ਗਾਇਨ ਕਰਦਾ ਹੈ । ਭਾਵੇਂ ਉਹ ਦੁਗੁਨ ਤਿਗੁਨ ਆਦਿ ਲਯ ਵਿਖਾ ਕੇ ਤਿਹਾਈ ਭੀ ਲਾਉਂਦਾ ਹੈ, ਪਰ ਉਸ ਦਾ ਨਿਸ਼ਾਨਾ ਸ਼ਬਦ (ਗੁਰਬਾਣੀ) ਦੇ ਭਾਵ ਨੂੰ ਪ੍ਰਗਟ ਕਰਨਾ ਹੁੰਦਾ ਹੈ । ਇਹੋ ਇਨ੍ਹਾਂ ਦੋਹਾਂ ਵਿਚ ਅੰਤਰ ਹੈ, ਉਂਜ ਵੇਖਿਆ ਜਾਵੇ ਤਾਂ ਇਸ ਗਾਇਕੀ ਵਿਚ ਕੇਵਲ ਗਾਇਕ-ਵਾਦਕ ਦੀ ਪਰਖ ਹੁੰਦੀ ਹੈ । ਭਾਵ, ਵਿਦਵਾਨ ਸਰੋਤਾਂ ਨੇ ਇਹੋ ਵੇਖਣਾ ਹੁੰਦਾ ਹੈ ਕਿ ਗਾਉਣ ਵਾਲਾ ਸੁਰ-ਤਾਲ ਵਿਚ ਕਿੰਨਾ ਕੁ ਪਰਪੱਕ ਹੈ । ਭਾਰਤੀ ਸੰਗੀਤ ਵਿਚ ਇਹ ਬਹੁਤ ਗੰਭੀਰ ਤੇ ਪੁਰਾਤਨ ਗਾਇਕੀ ਮੰਨੀ ਗਈ ਹੈ ।

੩. ਹਿੰਦੁਸਤਾਨੀ ਗਾਇਕ ਜਦੋਂ 'ਬੜਾ ਖਯਾਲ' ਗਾਇਨ ਕਰਦਾ ਹੈ ਤਾਂ ਅਸਥਾਈ-ਅੰਤਰੇ ਦੀ ਕਿਸੇ ਬੰਦਿਸ਼ ਨੂੰ ਇਕਤਾਲਾ, ਆਡਾ, ਝੂਮਰਾ, ਤਿੰਨਤਾਲ ਇਤਿਆਦਿ 'ਬਿਲੰਬਿਤ ਲਯ' ਦੇ ਠੇਕੇ ਵਿਚ ਸ਼ੁਰੂ ਕਰ ਕੇ, ਫਿਰ ਰਾਗ ਦੇ ਨਿਯਮਾਂ ਦੀ ਪਾਲਨਾ ਕਰਦਾ ਹੋਇਆ ਆਪਣੇ ਖਯਾਲ ਨੂੰ ਕਲਪਨਾ ਦੁਆਰਾ ਭਿੰਨ-ਭਿੰਨ ਪ੍ਰਕਾਰ ਦੇ ਅਲੰਕਾਰ-ਪਲਟੇ ਅਤੇ ਤਾਨਾਂ ਰਾਹੀਂ ਬਾਰ ਬਾਰ ਸਮ (ਗੁਰ) ਦਿਖਾਉਂਦਾ ਹੈ । ਇੰਜ ਗਾਇਕ ਨਵੇਂ ਤੋਂ ਨਵਾਂ ਖਯਾਲ ਦੇ ਕੇ ਰਾਗ ਦੇ ਸਰੂਪ ਨੂੰ ਪ੍ਰਗਟ ਕਰਦਾ ਹੈ । ਭਵਾ, ਸੁਰ-ਤਾਲ ਵਿਚ ਰਾਗ ਦੇ ਭਿੰਨ-ਭਿੰਨ ਅਲੰਕਾਰਾਂ ਦੁਆਰਾ ਸ੍ਰੋਤਾਂ ਨੂੰ ਰਸ-ਮਗਨ ਕਰਨਾ ਹੀ ਉਸ ਦਾ ਮੁਖ ਨਿਸ਼ਾਨਾ ਹੁੰਦਾ ਹੈ । ਉਸ ਤੋਂ ਬਾਦ ਗਾਇਕ ਛੋਟਾ ਖਯਾਲ, ਠੁਮਰੀ, ਟੱਪਾ, ਭਜਨ ਆਦਿ ਗਾਇਨ ਕਰ ਸ੍ਰੋਤਾਂ ਤੋਂ ਖੁਸ਼ੀ ਲੈਂਦਾ ਹੈ । ਪਰ ਗੁਰੂ ਕਾ ਕੀਰਤਨੀਆ (ਰਾਗੀ ਸਿੰਘ) ਇਸ ਖਿਆਲ-ਗਾਇਕੀ ਨੂੰ ਦੂਜੇ ਰੂਪ ਵਿਚ ਪੇਸ਼ ਕਰਦਾ ਹੈ । ਭਾਵ, ਉਹ ਕੀਰਤਨ ਆਰੰਭ ਕਰਨ ਸਮੇਂ ਆਪਣੀ ਮਨੋ-ਬਿਰਤੀ ਨੂੰ ਇਕਾਗਰ ਕਰਨ ਲਈ ਇਕ ਤਾਲਾ, ਆਡਾ ਜਾਂ ਤਿੰਨ ਤਾਲ (ਪੰਜਾਬੀ ਠੇਕਾ) ਆਦਿ ਬਿਲੰਬਿਤ ਲਯ ਦੇ ਠੇਕੇ ਵਿਚ 'ਡੰਡੋਤ ਬੰਦਨਾ' ਸ਼ੁਰੂ ਕਰਦਾ ਹੈ । ਇਹ ਜ਼ਰੂਰੀ ਨਹੀਂ ਕੇ 'ਡੰਡੋਤ ਬੰਦਨਾ' ਦੇ ਸਲੋਕ ਨੂੰ ਹੀ ਗਾਇਨ ਕਰਨਾ ਹੈ, ਗੁਰਬਾਣੀ ਵਿਚੋਂ ਚਰਨ-ਬੰਦਨਾ ਦਾ ਕੋਈ ਵੀ ਸਲੋਕ ਲਿਆ ਜਾ ਸਕਦਾ ਹੈ । ਪੰਥ ਪ੍ਰਸਿੱਧ ਭਾਈ ਸਾਹਿਬ ਬਾਈ ਸੁਮੰਦ ਸਿੰਘ ਜੀ ਰਾਗੀ, ਅਕਸਰ 'ਸਿਰ ਮਸਤਕ ਰਖ੍ਯਾ ਪਾਰਬ੍ਰਹਮ' ਦੇ ਸਲੋਕ ਨੂੰ ਬਹੁਤ ਹੀ ਸੁੰਦਰ ਢੰਗ ਨਾਲ ਗਾਉਂਦੇ ਸਨ । ਭਾਵ, ਕਿ ਸੁਰ-ਤਾਲ ਵਿਚ ਰਾਗ ਦਾ ਆਲਾਪ ਵੀ ਨਾਲੋ-ਨਾਲ ਕਰੀ ਜਾਣਾ ਅਤੇ ਬੇਨਤੀ ਕਰਦੇ ਹੋਏ ਗੁਰੂ ਚਰਨਾਂ ਵਿਚ ਮਨ ਨੂੰ ਜੋੜਨ ਦਾ ਯਤਨ ਕਰਨਾ ਹੀ ਉਸ ਦਾ ਲੱਕਸ਼ ਹੁੰਦਾ ਹੈ । ਤਾਂ ਜੋ ਕੀਰਤਨ ਵਿਚ ਮਗਨ ਹੋ, ਸੰਗਤਾਂ ਨੂੰ ਗੁਰ-ਸਬਦ ਨਾਲ ਜੋੜ ਸਕੇ । ਉਸ ਤੋਂ ਬਾਦ ਤਿੰਨ ਤਾਲ, ਇਕ ਤਾਲਾ, ਰੂਪਕ, ਸੁਲਫਾਕ ਆਦਿ ਤਾਲਾਂ ਵਿਚ ਕੀਰਤਨ ਹੁੰਦਾ ਹੈ । ਫਿਰ ਸਮੇਂ ਅਨੁਸਾਰ ਭੈਰਵੀ, ਪੀਲੂ, ਪਹਾੜੀ, ਜ਼ਿਲਾ ਇਤਿਆਦਿ ਰਾਗਾਂ ਵਿਚ ਰਾਗੀ ਸਿੰਘ 'ਠੁਮਰੀ ਅੰਗ' ਨਾਲ ਵੀ ਸ਼ਬਦ ਗਾਇਨ ਕਰਦੇ ਹਨ, ਇਸ ਤੋਂ ਇਲਾਵਾ ਭਾਈ ਨੰਦ ਲਾਲ ਜੀ ਦੀਆਂ ਰਚਿਤ 'ਗਜ਼ਲਾਂ' ਨੂੰ ਭੀ ਰੂਪਕ, ਪਸ਼ਤੋ, ਚੰਚਲ ਦਾਦਰਾ ਤੇ ਕਹਿਰਾਵਾ ਤਾਲਾਂ ਵਿਚ ਬੜੇ ਸੁੰਦਰ ਤਰੀਕੇ ਨਾਲ ਗਾਉਂਦੇ ਹਨ । ਸੋ ਉਤੇ ਲਿਖੇ ਅਨੁਸਾਰ ਸ਼ਾਸਤ੍ਰੀਅ-ਸੰਗੀਤ ਅਤੇ ਗੁਰਮਤਿ ਸੰਗੀਤ ਦਾ ਮੁੱਢ ਤਾਂ ਇਕੋ ਹੈ, ਪਰ ਇਨ੍ਹਾਂ ਦੀਆਂ ਗਾਇਨ ਸ਼ੈਲੀਆਂ ਵਿਚ ਥੋੜਾ ਅੰਤਰ ਜ਼ਰੂਰ ਦਿਖਾਈ ਦਿੰਦਾ ਹੈ ।


*ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ*

**"ਗੁਰਸਿੱਖ ਸੰਜੋਗ '**

*(ਪੰਦਰਾ-ਰੋਜ਼ਾ ਪੱਤਰ)*

*ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ, ਪੂਸਾ ਰੋਡ,*

*ਨਵੀਂ ਦਿੱਲੀ-110 060 ਫੋਨ : 5735955*



**ਗੁਰਬਾਣੀ ਇਸੁ ਜਗ ਮਹਿ ਚਾਨਣੁ**

*ਇਹ ਮਾਸਿਕ ਪੱਤਰ ਮੁਫਤ ਪ੍ਰਾਪਤ*

*ਕਰਨ ਲਈ ਲਿਖੋ*

*ਸਰਦਾਰਾ ਸਿੰਘ 254, ਫੇਸ-2, ਮੁਹਾਲੀ*

## ਡਾ. ਹਰਨੇਕ ਸਿੰਘ ਕਲੇਰ

# ਭਗਤ ਰਵਿਦਾਸ : ਜੀਵਨ ਤੇ ਬਾਣੀ

ਮੱਧ ਕਾਲੀਨ ਭਗਤੀ ਲਹਿਰ ਦੱਖਣ ਦੇ ਤਾਮਿਲ ਭਗਤਾਂ ਦੇ ਮਨਾਂ ਵਿੱਚੋਂ ਉਦਗਮ ਪ੍ਰਭੂ ਸੰਗ ਪ੍ਰੀਤ ਦੇ ਅਗੰਮੀ ਬੋਲ ਹਨ । ਉੱਤਰੀ ਭਾਰਤ ਵਿੱਚ ਭਗਤੀ ਲਹਿਰ ਦੀਆਂ ਪਹਿਲ ਪ੍ਰਿਥਮ ਰਿਸ਼ਮਾਂ ਸੂਫੀ ਦਰਵੇਸ਼ ਬਾਬਾ ਫਰੀਦ ਅਤੇ ਭਗਤ ਜੈ ਦੇਵ ਦੀ ਕਲਮ ਦੇ ਨੂਰ ਵਿੱਚੋਂ ਪ੍ਰਕਾਸ਼ਮਾਨ ਹੋਈਆਂ । ਸਧਾਰਨ ਜਨਤਾ ਵਿੱਚ ਭਗਤੀ ਲਹਿਰ ਨੂੰ ਪ੍ਰਚਾਰਨ ਲਈ ਆਪੋ ਆਪਣੇ ਸਮੇਂ ਵਿੱਚ ਭਗਤ ਨਾਮਦੇਵ, ਭਗਤ ਕਬੀਰ ਅਤੇ ਭਗਤ ਰਵਿਦਾਸ ਜੀ ਨੇ ਵਿਸ਼ੇਸ਼ ਯੋਗਦਾਨ ਪਾਇਆ । ਪ੍ਰਭੂ ਭਗਤੀ ਦੁਆਰਾ ਜਨ ਜਾਗਰਨ ਹਿਤ 'ਭਗਤੀ ਮੱਤ' ਨੂੰ ਲਹਿਰ ਰੂਪ ਵਿੱਚ ਚਲਾਉਣ ਕਾਰਨ ਇਹਨਾਂ ਭਗਤ ਕਵੀਆਂ ਨੇ ਧਰਮ ਪੁਰੋਹਿਤ ਅਤੇ ਰਾਜ ਸਤਾ ਪਾਸੋਂ ਬਹੁਤ ਯਾਤਨਾਵਾਂ ਸਹਿਨ ਕੀਤੀਆਂ । ਫਿਰ ਵੀ, ਜਨ ਕਲਿਆਣ ਹਿਤ, ਇਹਨਾਂ ਭਗਤ ਕਵੀਆਂ ਨੇ ਆਪਣੀ ਕਲਮ ਨੂੰ ਬੀਰ ਬਹਾਦਰਾਂ ਦੀ ਤਰ੍ਹਾਂ, ਚਲਾਇਆ । ਇਹਨਾਂ ਪ੍ਰਭੂ ਭਗਤਾਂ ਵਿੱਚ ਮਹਾਨ ਕਰਮਯੋਗੀ, ਕ੍ਰਾਂਤੀਕਾਰੀ ਸੰਤ ਕਵੀ, ਭਗਤ ਰਵਿਦਾਸ ਜੀ ਸ਼ਿਰੋਮਣੀ ਸੰਤ ਦੇ ਤੌਰ ਤੇ ਪ੍ਰਸਿੱਧ ਹੋਏ ।

ਭਗਤ ਰਵਿਦਾਸ ਦਾ ਜਨਮ ਭਾਰਤੀ ਧਰਮ ਅਤੇ ਸੰਸਕ੍ਰਿਤੀ ਦੀ ਰਾਜਧਾਨੀ ਬਨਾਰਸ ਦੇ ਨਜ਼ਦੀਕ ਇੱਕ ਪਿੰਡ ਮੰਡੂਆ ਡੀਹ ਵਿਖੇ ਪਿਤਾ ਰਘੂ, ਮਾਤਾ ਕਰਮਾ ਦੇਵੀ ਦੀ ਸਲੱਖਣੀ ਕੁੱਖ ਤੋਂ ਮਾਘ ਸੁਦੀ ਪੰਦਰਾਂ 1433 ਬਿ.ਸੰ (25 ਜਨਵਰੀ 1377 ਈ.) ਨੂੰ ਚਮਾਰ (ਸੂਦਰ) ਜ਼ਾਤੀ ਵਿੱਚ ਹੋਇਆ । ਸੀਤਲ ਸੁਭਾਅ ਮਾਤਾ ਕਰਮਾ ਦੇਵੀ ਜੀ ਸਦਾ ਪ੍ਰਭੂ ਭਗਤੀ ਵਿਚ ਲੀਨ ਰਹਿੰਦੇ ਸਨ । ਇਸੇ ਲਈ ਬਾਲਕ ਨੂੰ ਮਾਤਾ ਦੀ ਨਿੱਘੀ ਗੋਦ ਵਿੱਚੋਂ ਹੀ ਪ੍ਰਭੂ ਭਗਤੀ ਦੀ ਦਾਤ ਪ੍ਰਾਪਤ ਹੋਈ । ਰੈਦਾਸ ਪਰਚਈ ਅਨੁਸਾਰ ਬਾਲਕ ਰਵਿਦਾਸ ਸੱਤ ਸਾਲ ਦੀ ਆਯੂ ਵਿੱਚ ਹੀ ਭਗਤੀ ਕਰਨ ਲੱਗ ਪਏ ਸਨ । ਆਪ ਸੰਸਾਰੀ ਸੁਖ ਤੇ ਮਾਇਆ ਦੇ ਤਿਆਗੀ ਸਨ । ਆਪ ਨੇ ਪ੍ਰਭੂ ਦੀ ਓਟ ਆਸਰੇ ਸੰਗ ਮਾਨਵ ਸਮਾਨਤਾ ਲਈ ਸੰਘਰਸ਼ ਦਾ ਬਿਗਲ ਵਜਾਇਆ ।

ਉਸ ਸਮੇਂ ਭਾਰਤੀ ਸਮਾਜ ਵਿੱਚ ਵਰਣ-ਵਿਵਸਥਾ ਕੱਟੜਤਾ ਨਾਲ ਲਾਗੂ ਸੀ । ਧਰਮ ਅਤੇ ਰਾਜ ਦੀ ਸੰਮਤੀ ਪ੍ਰਾਪਤ ਪੁਰੋਹਿਤ ਵਰਗ ਨੇ ਸੰਪੂਰਨ ਸਮਾਜ ਨੂੰ ਜਾਤਾਂ, ਉਪ-ਜਾਤਾਂ ਅਤੇ ਰੰਗ ਤੇ ਨਸਲ ਭੇਦ ਵਿੱਚ ਵੰਡਿਆ ਹੋਇਆ ਸੀ । ਹਿੰਦੂ ਧਰਮ ਦਰਸ਼ਨ ਅਨੁਸਾਰ ਕੀਤੀ ਵੰਡ ਤਹਿਤ ਹਰ ਜਾਤੀ ਦੇ ਮਾਨਵ ਦਾ ਜਨਮ, ਜੀਵਨ ਤੇ ਮਰਨ, ਸਿਵੇ ਤੇ ਸੰਸਕਾਰ, ਰਸਮਾਂ, ਰਸਤੇ, ਰੈਣ-ਬਸੇਰੇ, ਖਾਣ-ਪੀਣ ਤੇ ਪਹਿਨਣ, ਕਾਰ-ਰੁਜ਼ਗਾਰ, ਰਹੁ-ਰੀਤਾਂ, ਸੰਸਕ੍ਰਿਤੀ ਤੇ ਸਭਿਆਚਾਰ, ਧਰਮ, ਪੂਜਾ ਪੱਧਤੀ, ਦੇਵੀ ਦੇਵਤੇ, ਮੂਰਤ ਅਤੇ ਮੰਦਰ ਦਰਜੇ ਅਨੁਸਾਰ ਨੀਵੇਂ ਤੋਂ ਨੀਵਾਂ ਸੀ । ਪਰੰਤੂ ਸ਼ੂਦਰ ਜਾਤਾਂ ਨੂੰ ਤਾਂ ਧਰਮ ਕਰਮ ਅਤੇ ਵਿੱਦਿਆਂ ਦੀ ਬਿਲਕੁਲ ਮਨਾਹੀ ਸੀ । ਸਗੋਂ ਅਜਿਹਾ ਪਵਿੱਤਰ ਕਰਮ ਕਰਨ ਵਾਲੇ ਸ਼ੂਦਰ ਨੂੰ ਸਖਤ ਤੋਂ ਸਖਤ ਸਜ਼ਾ ਦਾ ਵਿਧਾਨ ਵੀ ਪ੍ਰਚਲਿਤ ਸੀ । ਇਸ 'ਦੋਮ ਸੇਮ' ਦੀ ਅਤਿ ਖੌਫਨਾਕ ਸਥਿਤੀ ਵਿੱਚ ਭਗਤ ਰਵਿਦਾਸ ਜੀ ਨੇ ਪ੍ਰਭੂ ਪਾਸੋਂ ਆਪਣੀ ਕ੍ਰਿਪਾ ਦ੍ਰਿਸ਼ਟੀ ਦੀ ਬਖਸ਼ਿਸ਼ ਰੱਖਣ ਹਿਤ ਸ਼ਬਦ ਉਚਾਰਿਆ ।


ਮਾਤਾ ਗੁਜਰੀ ਬਿਰਧ ਘਰ ਅਤੇ ਅਨਾਥ ਆਸ਼ਰਮ

*(ਵਲੋਂ ਨਿਸ਼ਕਾਮ ਸਿੱਖ ਵੈਲਫੇਅਰ ਕੌਂਸਿਲ)*

*ਗਿਲ ਫਾਰਮ, ਪਿੰਡ ਖਾਨਪੁਰ, ਖਰੜ,ਰੋਪੜ-ਫੋਨ : 855741,855730*

***ਏਥੇ 25 ਬਜ਼ੁਰਗਾਂ ਤੇ 25 ਅਨਾਥ ਜਾ ਗਰੀਬ ਬੱਚਿਆਂ ਦੀ ਸੇਵਾ ਸੰਭਾਲ ਦਾ ਪ੍ਰਬੰਧ ਬੜੇ ਸੁਚੱਜੇ ਤਰੀਕੇ ਨਾਲ ਕੀਤਾ ਗਿਆ ਹੈ । ਲੋੜਬੰਧ ਸਿੱਧੇ ਜਾਂ ਹੇਠ ਲਿਖੇ ਪਤੇ ਸੰਪਰਕ ਕਰੋ :***

***ਸ. ਹਰੀ ਸਿੰਘ, 307, ਸੈਕਟਰ 35-ਏ, ਚੰਡੀਗੜ੍ਹ ਫੋਨ : 601947***

**ਦਾਰਿਦ ਦੇਖਿ ਸਭੁ ਕੋ ਹਸੈ, ਐਸੀ ਦਸਾ ਹਮਾਰੀ ॥**
**ਅਸਟ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ ॥**

ਭਗਤ ਰਵਿਦਾਸ ਦੇ ਮਨ ਵਿੱਚ ਮਾਨਵਤਾ ਪ੍ਰਤੀ ਅਥਾਹ ਦਰਦ ਸੀ । ਆਪ ਨੇ ਧਰਮ ਪੁਰੋਹਿਤਾਂ ਦੇ ਸਤਾਏ ਸਮਾਜਿਕ ਪ੍ਰਾਣੀਆਂ ਦਾ ਦੁੱਖ ਦਰਦ ਵੰਡਾਉਂਦਿਆਂ ਦੁੱਖੀ ਨਿਮਾਣੇ ਅਤੇ ਨਿਤਾਣੇ ਸਮਾਜ ਨੂੰ ਸਤਸੰਗ ਦਾ ਰੂਪ ਦੇ ਦਿੱਤਾ । ਆਪ ਨੇ ਮਧੂ-ਮੱਖੀਆਂ ਦੇ ਆਪਸੀ ਪ੍ਰੇਮ ਭਾਵ ਅਤੇ ਭਗਤੀ ਭਾਵਨਾ ਸੰਗ ਕਾਰਜ ਕਰਨ ਦੀ ਮਿਸਾਲ ਪੇਸ਼ ਕਰਦਿਆਂ, ਮਾਨਵ ਨੂੰ ਪ੍ਰਭੂ ਭਗਤੀ ਵਿੱਚ ਜੁੜਨ ਲਈ ਪਰੇਰਿਆ । ਆਪ ਨੇ ਸਪਸ਼ਟ ਕੀਤਾ ਕਿ ਜਿਸ ਤਰ੍ਹਾਂ ਰਾਣੀ ਮੱਖੀ ਦੇ ਪ੍ਰੇਮ ਵਿਚ ਸਾਰੀਆਂ ਮੱਖੀਆਂ ਮੰਤਰ ਮੁਗਧ ਹੋ ਕੇ ਰਹਿੰਦੀਆਂ ਹਨ ਇਵੇਂ ਹੀ ਪ੍ਰਾਣੀ ਨੂੰ ਪ੍ਰਭੂ ਦੀ ਭਾਉ ਭਗਤੀ ਵਿੱਚ ਮਗਨ ਰਹਿਣਾ ਚਾਹੀਦਾ ਹੈ । ਆਪ ਨੇ ਸਤਸੰਗ ਦੀ ਪ੍ਰਪਾਟੀ ਚਲਾ ਕੇ ਮਾਨਵ ਨੂੰ ਪ੍ਰਭੂ ਦੀ ਪ੍ਰੇਮਾ ਭਗਤੀ ਕਰਨ ਦਾ ਉਪਦੇਸ਼ ਦਿੱਤਾ । ਆਪ ਕਥਨ ਕਰਦੇ ਹਨ ਕਿ ਸਾਧ ਸੰਗਤ ਬਿਨਾ ਪ੍ਰਭੂ ਪ੍ਰੇਮ ਦੀ ਧਾਰਾ ਹੀ ਨਹੀਂ ਵਗਦੀ ।

**ਸਾਧ ਸੰਗਤਿ ਬਿਨਾ ਭਾਉ ਨਹੀਂ ਉਪਜੈ ॥**
**ਭਾਵ ਬਿਨੁ ਭਗਤੀ ਨਹੀਂ ਹੋਇ ਤੇਰੀ ॥**

ਉਸ ਸਮੇਂ ਧਰਮ ਪੁਰੋਹਿਤਾਂ ਨੇ ਸਮੁੱਚੀ ਮਾਨਵ ਜਾਤੀ ਨੂੰ ਅੰਧ-ਵਿਸ਼ਵਾਸ਼ ਦੇ ਜਾਲ ਜੰਜਾਲ ਸੰਗ ਕੁਰਾਹੇ ਪਾਇਆ ਹੋਇਆ ਸੀ । ਭਗਤ ਰਵਿਦਾਸ ਨੇ ਪੁਰੋਹਿਤ ਵਰਗ ਦੇ ਅਜਿਹੇ ਆਡੰਬਰਾਂ ਦਾ ਪੋਲ ਖੋਲਿਆ । ਆਪ ਨੇ ਹਿੰਦੂ ਧਰਮ ਵਿਚ ਪ੍ਰਚਲਿਤ ਆਰਤੀ ਅਤੇ ਝੂਠੀ ਪੂਜਾ-ਪੱਧਤੀ ਦੇ ਪ੍ਰਪੰਚ ਨੂੰ ਨਕਾਰਦਿਆਂ ਮੰਦਰ ਅਤੇ ਮੂਰਤ ਤੋਂ ਬਿਨਾਂ ਹੀ ਮਾਨਵ ਮਨਾਂ ਵਿੱਚ ਪ੍ਰਭੂ ਦੇ ਨਿਰਾਕਾਰ ਸਵਰੂਪ ਦੀ ਜੋਤ ਜਗਾਉਣ ਦੀ ਜੁਗਤੀ ਦੱਸਦਿਆਂ ਸਪੱਸ਼ਟ ਕੀਤਾ ਕਿ ਪ੍ਰਭੂ ਦੇ ਸੱਚੇ ਨਾਮ ਬਿਨ ਸਾਰਾ ਸੰਸਾਰ ਹੀ ਕੂੜਾ ਹੈ । ਆਪ ਨੇ ਉਸ ਸਮੇਂ ਪ੍ਰਚਲਿਤ ਆਰਤੀ ਦੇ ਸਮੁੱਚੇ ਵਿਧਾਨ ਨੂੰ ਨਿਕਾਰ ਨੇ ਪ੍ਰਭੂ ਦੇ ਨਾਮ 'ਸਤਿਨਾਮ' ਦੀ ਆਰਤੀ ਦਾ ਅਨੂਠਾ ਸੰਕਲਪ ਪੇਸ਼ ਕੀਤਾ ।

**ਕਹੈ ਰਵਿਦਾਸੁ ਨਾਮੁ ਤੇਰੋ ਆਰਤੀ**
**ਸਤਿ ਨਾਮੁ ਹੈ ਹਰਿ ਭੋਗ ਤੁਮਾਰੇ ॥੪॥**

ਭਗਤ ਰਵਿਦਾਸ ਦਾ ਸਮਾਜ ਨੀਵਾਂ ਸੀ । ਗਰੀਬ ਸੀ ਅਤੇ ਦਾਸਤਵ ਦਾ ਜੀਵਨ ਗੁਜ਼ਾਰ ਰਿਹਾ ਸੀ । ਆਪ ਨੇ ਅਜਿਹੇ ਦੱਬੇ ਕੁਚਲੇ ਅਤੇ ਲਤਾੜੇ ਹੋਏ ਸਮਾਜ ਦਾ ਮਨੋ ਬਲ ਉੱਚਾ ਚੁੱਕਣ ਲਈ ਉਸਨੂੰ ਵਿਸ਼ੇ ਵਿਕਾਰਾਂ ਤੋਂ ਦੂਰ ਰੱਖਦਿਆਂ ਪ੍ਰਭੂ ਦੀ ਪ੍ਰੇਮਾ ਭਗਤੀ ਦਾ ਮਾਰਗ ਦਿਖਾਇਆ । ਆਪ ਨੇ ਕਰਮ-ਕਾਂਡਾਂ ਤਹਿਤ ਪੁਰੋਹਿਤ ਵਰਗ ਵੱਲੋਂ ਲੁੱਟੀ ਜਾ ਰਹੀ ਕਿਰਤੀ-ਸ਼੍ਰੇਣੀ ਨੂੰ ਸਪੱਸ਼ਟ ਕੀਤਾ ਕਿ ਮੰਦਰਾਂ ਵਿਚ ਮੂਰਤ ਅੱਗੇ ਰੱਖ ਜਾਂਦੀ ਸਾਰੀ ਪੂਜਾ ਸਮੱਗਰੀ ਜੂਠੀ ਹੈ । ਪ੍ਰਭੂ ਤਾਂ ਸੁੱਚੇ ਸੁੱਚੇ ਤਨ ਮਨ ਦੀ ਪੂਜਾ ਅਰਚਨਾ ਨਾਲ ਖੁਸ਼ ਹੁੰਦੇ ਹਨ ।

**ਦੂਧੁ ਤ ਬਛਰੈ ਥਨਹੁ ਬਿਟਾਰਿਓ ॥**
**ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥੪॥**

**x x x x x**

**ਤਨੁ ਮਨੁ ਅਰਪਉ ਪੂਜ ਚਰਾਵਉ ॥**
**ਗੁਰ ਪ੍ਰਸਾਦਿ ਨਿਰੰਜਨ ਪਾਵਉ ॥**

ਭਗਤ ਰਵਿਦਾਸ ਜੀ ਸਾਰਾ ਜੀਵਨ ਜਨ ਕਲਿਆਣ ਹਿਤ ਸੰਘਰਸ਼ਸ਼ੀਲ ਰਹੇ । ਇਸ ਸੰਦਰਭ ਵਿੱਚ ਆਪ ਨੇ ਹਿੰਦੂ ਧਰਮ ਦਰਸ਼ਨ ਦੇ ਅਮਾਨਵੀ ਵਿਧਾਨ ਪ੍ਰਤੀ ਸਿਰਫ ਰੋਸ ਹੀ ਪ੍ਰਗਟ ਨਹੀਂ ਕੀਤਾ ਸਗੋਂ ਜਨ ਸਧਾਰਨ ਹਿਤ ਉਸਦਾ ਮਾਨਵੀ ਬਦਲ ਵੀ ਪੇਸ਼ ਕੀਤਾ ।


**ਗੁਰਮਤਿ ਸੰਗੀਤ ਵਿਸ਼ੇਸ਼ ਅੰਕ**

*ਗੁਰਮਤਿ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਜਿਸ ਵਿੱਚ ਗੁਰਮਤਿ ਸੰਗੀਤ ਦੀ ਉਤਪਤੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਦਰਜ ਰਾਗਾਂ ਦੀ ਵਿਲੱਖਣਤਾ, ਗੁਰਮਤਿ ਸੰਗੀਤ ਵਿੱਚ ਰਾਗ ਦਾ ਮਹੱਤਵ, ਗੁਰਮਤਿ ਸੰਗੀਤ ਤੇ ਵਿਵਹਾਰ, ਗੁਰਮਤਿ ਸੰਗੀਤ ਦੇ ਪ੍ਰਥਮ ਕੀਰਤਨੀਏ-ਭਾਈ ਮਰਦਾਨਾ ਜੀ, ਗੁਰਮਤਿ ਸੰਗੀਤ ਦੀ ਵਿਲੱਖਣਤਾ, ਗੁਰਮਤਿ ਸੰਗੀਤ ਦੀ ਕੀਰਤਨ-ਚੌਕੀ-ਪਰੰਪਰਾ, ਗੁਰਮਤਿ ਸੰਗੀਤ ਵਿੱਚ ਰਾਗ ਗਾਉੜੀ ਤੇ ਉਸ ਦੇ ਪ੍ਰਕਾਰ, ਗੁਰਮਤਿ ਸੰਗੀਤ ਵਿੱਚ ਪ੍ਰਯੁਕਤ ਵਿਭਿੰਨ ਸਾਜ਼ ਅਤੇ ਉਹਨਾਂ ਦਾ ਮਹੱਤਵ, ਵਿਸ਼ੇਸ਼ ਲੇਖ ਹਨ । ਕੀਮਤ ਕੇਵਲ 30-00 ਰੁਪਏ ਡਾਕ ਖਰਚ ਸਮੇਤ ।*

*ਅੰਮ੍ਰਿਤ ਕੀਰਤਨ ਟਰੱਸਟ, 422, ਸੈਕਟਰ 15-ਏ, ਚੰਡੀਗੜ੍ਹ*

ਉਦਾਹਰਣ ਵਤ ਆਪ ਜੀ ਵੱਲੋਂ ਪੇਸ਼ ਕੀਤਾ ਗਿਆ 'ਬੇਗਮਪੁਰਾ' ਦਾ ਸੰਕਲਪ, ਮਾਨਵੀ ਲੋੜਾਂ ਧਰਮ, ਅਰਥ, ਕਾਮ ਤੇ ਮੋਖ ਦੇ ਵਿਸਲੇਸ਼ਣ ਤੋਂ ਇਲਾਵਾਂ ਮਾਨਵ ਦੀ ਰਾਜਨੀਤਕ ਤੇ ਸਮਾਜਿਕ ਅਜ਼ਾਦੀ ਦੀ ਮੰਗ ਵੀ ਪੇਸ਼ ਕਰਦਾ ਹੈ ।

**ਬੇਮਗਪੁਰਾ ਸਹਰ ਕੋ ਨਾਂਉ ॥**
**ਦੂਖੁ ਅੰਦੋਹੁ ਨਹੀਂ ਤਿਹਿ ਠਾਂਉ ॥**
**x x x x**
**ਦੋਮ ਨਾ ਸੇਮ ਏਕ ਸੋ ਆਹੀ ॥**

ਭਗਤ ਰਵਿਦਾਸ ਜੀ ਦਾ ਜਨਮ ਚਮਾਰ ਜਾਤੀ ਵਿੱਚ ਹੋਇਆ ਤਾਂ ਵੀ ਮਾਨਵਵਾਦੀ ਭਾਈਚਾਰਕ ਸਾਝਾਂ ਨੂੰ ਸਮਰਪਿਤ ਭਗਤ ਜੀ ਨੇ ਚਹੁੰ ਵਰਣਾਂ ਨੂੰ ਸਾਝਾ ਉਪਦੇਸ਼ ਦਿੱਤਾ । ਇਸ ਲਈ ਆਪ ਸ਼ੂਦਰ ਸਮਾਜ ਜਾਂ ਰਾਜ ਵਿੱਚ ਹੀ ਨਹੀਂ ਸਗੋਂ ਚਹੁੰ ਕੁੰਟਾਂ ਵਿਚ ਪ੍ਰਸਿੱਧ ਹੋ ਗਏ । ਫਲਸਰੂਪ ਪੁਰੋਹਿਤ ਵਰਗ ਨੇ ਧਰਮ ਅਤੇ ਰਾਜ ਦੇ ਤੇਜ਼ ਦੀ ਜੁਆਲਾ ਚਮਕਾ ਕੇ ਭਗਤ ਜੀ ਨੂੰ ਪ੍ਰਭੂ ਭਗਤੀ ਤੋਂ ਵਰਜਣ ਦੇ ਜਤਨ ਕੀਤੇ । ਆਪ ਤਾਂ ਪ੍ਰਭੂ ਦੇ ਮਜੀਠ ਰੰਗ 'ਨਾਮ' ਦੇ ਰੰਗ ਵਿੱਚ ਰੰਗੇ ਗਏ ਸਨ ਅਤੇ ਪ੍ਰਭੂ ਦੀ ਪ੍ਰੇਮਾ ਭਗਤੀ ਕਰਦਿਆਂ ਆਪ 'ਪ੍ਰਭੂ' ਰੂਪ ਹੋ ਗਏ ਸਨ । ਆਪ ਨੂੰ ਪ੍ਰਭੂ ਦੇ ਨਾਮ ਦੀਆਂ ਬਰਕਤਾਂ ਦਾ ਵੀ ਗਿਆਨ ਸੀ । ਸੋ ਆਪ ਨੇ ਜਨ ਸਧਾਰਨ ਨੂੰ ਸਪਸ਼ਟ ਕੀਤਾ ਕਿ ਪ੍ਰਭੂ ਭਗਤੀ ਸੰਗ ਹਰ ਜਾਤੀ ਦੇ ਪ੍ਰਾਣੀ ਦੀਆਂ ਦੋ ਕੁਲਾਂ ਵੀ ਭਵ ਸਾਗਰ ਤਰ ਜਾਂਦੀਆਂ ਹਨ ।

**ਬ੍ਰਹਮਨ ਬੈਸ ਸੂਦ ਅਰੁ ਖਤ੍ਰੀ,**
**ਡੋਮ ਚੰਡਾਰ ਮਲੇਛ ਮਨ ਸੋਇ ,**
**ਹੋਇ ਪੁਨੀਤ ਭਗਵੰਤ ਭਜਨ ਤੇ,**
**ਆਪੁ ਤਾਰਿ ਤਾਰੇ ਕੁਲ ਦੋਇ ॥**

ਭਗਤ ਰਵਿਦਾਸ ਨੇ ਸੱਚੀ ਸੁੱਚੀ, ਨਿਧੜਕ ਅਤੇ ਨਿਰਮਾਣ ਜ਼ਿੰਦਗੀ ਬਤੀਤ ਕੀਤੀ । ਆਪ ਪ੍ਰਭੂ ਭਗਤੀ ਵਿੱਚ ਲੀਨ ਆਪਣੇ ਲਈ ਜਨ, ਦਾਸ, ਦਾਸਨੁਦਾਸ ਸ਼ਬਦਾਂ ਵਿੱਚ **'ਮੋਹਿ ਨ ਬਿਸਾਰਹੁ, ਮੈ ਜਨ ਤੇਰਾ ॥੨॥** ਦੀਆਂ ਜੋਦੜੀਆਂ ਕਰਦੇ ਰਹਿੰਦੇ । ਰਾਜ ਦਰਬਾਰ ਦਾ ਹਰਕਾਰਾ ਆਇਆ ਤਾਂ ਰਾਜ ਤੇਜ਼ ਦੀਆਂ ਚਮਕਦੀਆਂ ਤਲਵਾਰਾਂ ਦੀ ਛਾਂ ਹੇਠ ਆਪ ਰਾਜ ਦਰਬਾਰ ਵਿੱਚ ਪੇਸ਼ ਹੋ ਗਏ । ਇੱਥੇ ਧਰਮ ਦਰਸ਼ਨ ਦੇ ਵਿਸ਼ੇ ਉਤੇ ਪਰਧਾਨ ਪੰਡਤਾਂ ਨਾਲ ਸ਼ਾਸਤਾਰਥ ਹੋਇਆ । ਮਨ ਮੰਦਰ ਵਿੱਚ ਜਗਦੀ ਪ੍ਰਭੂ ਦੀ ਜੋਤ ਦੇ ਪ੍ਰਕਾਸ਼ ਸੰਗ ਆਪਦੇ ਲਟ ਲਟ ਦਗਦੇ ਮਸਤਕ ਦੇ ਤੇਜ਼ ਸਨਮੁਖ ਰਾਜ ਦਰਬਾਰ ਨੇ ਸ਼ੀਸ਼ ਝੁਕਾ ਦਿੱਤਾ । ਪਰਧਾਨ ਪੁਰੋਹਿਤਾਂ ਨੇ ਧਰਮ ਸ਼ਾਸ਼ਤਾਰਥ ਵਿੱਚ ਵਿਜਈ ਚਮਾਰ ਨੂੰ ਡੰਡੋਤਾਂ ਕੀਤੀਆਂ ।

**ਮੇਰੀ ਜਾਤਿ ਕੁਟਬਾਂਢਲਾ ਢੋਰ ਢੋਵੰਤਾ**
**ਨਿਤਹਿ ਬਾਨਾਰਸੀ ਆਸ ਪਾਸਾ ॥**
**ਅਬ ਬਿਪ੍ਰ ਪਰਧਾਨ ਤਿਹਿ ਕਰਿਹ ਡੰਡਉਤਿ,**
**ਤੇਰੇ ਨਾਮ ਸਰਣਾਇ ਰਵਿਦਾਸ ਦਾਸਾ ॥**

ਅਜਿਹੇ ਪਰਮ ਪੁਰਖ, ਸ਼ਿਰੋਮਣੀ ਸੰਤ, ਮਹਾਨ ਕ੍ਰਾਂਤੀਕਾਰੀ ਜਿਸਦੇ ਸਨਮੁਖ ਪੰਡਿਤ ਵੀ ਢਹਿ ਪਏ, ਨੇ ਪ੍ਰਭੂ ਦੀ ਸਿਫਤ ਸਲਾਹ ਵਿੱਚ ਅਨੇਕਾਂ ਸ਼ਬਦਾਂ ਦੀ ਰਚਨਾ ਕੀਤੀ । ਆਪ ਜੀ ਦੀ 'ਬ੍ਰਹਮ' ਵਿਖਿਅਤ ਸਮੁੱਚੀ ਜਨ ਕਲਿਆਣਮੁਖੀ ਬਾਣੀ ਦੀ ਸੰਭਾਲ ਨਹੀ ਹੋ ਸਕੀ । ਬ੍ਰਹਮ ਵੇਤਾ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੋਲਾਂ ਰਾਗਾਂ ਵਿੱਚ ਰਚੀ ਆਪ ਦੀ ਵਿਮਲ ਬਾਣੀ ਦੇ ਚਾਲੀ ਸ਼ਬਦ, ਇੱਕ ਸ਼ਬਦ ਰਾਗ ਬਦਲ ਕੇ ਅਤੇ ਇਕ ਸਲੋਕ ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਸੰਪਾਦਿਤ ਕੀਤੇ ਹਨ ।

ਅੱਜ ਵੀ ਭਗਤ ਰਵਿਦਾਸ ਜੀ ਦੀ ਬਾਣੀ ਸੰਸਾਰ ਵਿੱਚ ਇੱਕ ਸਮਾਨ ਭਾਈਚਾਰਾ ਸਥਾਪਿਤ ਕਰਨ ਲਈ ਪੂਰਨ ਰੂਪ ਵਿਚ ਪ੍ਰਸੰਗਕ ਹੈ ।

**ਨਵੇ ਅਤੇ ਪੁਰਾਣੇ ਹਰਮੋਨੀਅਮ**

*ਖਰੀਦਣ, ਵੇਚਣ ਅਤੇ ਮੁਰੰਮਤ ਕਰਾਉਣ ਅਤੇ ਹੋਰ ਸੰਗੀਤ ਸਾਜਾਂ ਲਈ ਦਰਸ਼ਨ ਦਿਓ ।*

*ਬੇਦੀ ਹਾਊਸ 79, ਸੈਕਟਰ 20-ਏ, ਚੰਡੀਗੜ੍ਹ*
*ਫੋਨ : 673465 ਪੀ.ਪੀ.*

'ਅੰਮ੍ਰਿਤ ਕੀਰਤਨ'
ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜਣ ਦੀ ਕਿਰਪਾ ਕਰੋ

## ਪ੍ਰਿੰਸੀਪਲ ਦਰਸ਼ਨ ਸਿੰਘ

# ਕੀਰਤਨ ਮਹਿਮਾਂ

ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਭਾਈ ਸਾਹਿਬ ਕਾਨ੍ਹ ਸਿੰਘ ਜੀ ਨਾਭਾ ਨੇ ਕੀਰਤਨ, ਕੀਰਤਨਿ, ਕੀਰਤਨੀਆਂ, ਕੀਰਤਨੁ ਅਤੇ ਕੀਰਤਨਿ ਦੇ ਅਰਥ ਕੀਤੇ ਹਨ :

ਕੀਰਤਨ : ਸੰਗਯਾ - ਕਥਨ, ਵਯਾਖਯਾਨ

2. ਗੁਰਮਤਿ ਵਿਚ ਰਾਗ ਸਹਿਤ ਕਰਤਾਰ ਦੇ ਗੁਣ ਗਾਉਣ ਦਾ ਨਾਉਂ ਕੀਰਤਨ ਹੈ ।

ਕੀਰਤਨ: ਕੀਰਤਨ ਵਿਚ

ਕੀਰਤਨੀਆਂ : ਵਿ: ਕੀਰਤਨ ਕਰਨ ਵਾਲਾ, ਕਰਤਾਰ ਦੇ ਗੁਣ ਗਾਉਣ ਵਾਲਾ ।

ਕੀਰਤਨੁ : ਦੇਖੋ : ਕੀਰਤਨ

ਕੀਰਤਿ : ਸੰਗਯਾ : ਵਡਾਈ, ਨੇਕ ਨਾ , ਜਸ

ਇਹ ਸਾਰੇ ਅਰਥ ਕੋਸ਼ਕਾਰ ਵਲੋਂ ਕੋਸ਼ਕਾਰੀ ਦੇ ਨਿਯਮਾਂ ਨੂੰ ਮੁਖ ਰੱਖ ਕੇ ਪੂਰੀ ਪਰਪੱਕਤਾ ਸਹਿਤ ਕੀਤੇ ਗਏ ਹਨ ਪ੍ਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਸ਼ਬਦਾਂ ਨੂੰ ਜਿਨ੍ਹਾਂ ਵੱਖ ਵੱਖ ਗੁੱਝੇ, ਗੰਭੀਰ ਗੁਰਮਤਿ ਅਨੁਕੂਲ ਭਾਵਾਂ ਨੂੰ ਉਜਾਗਰ ਕੀਤਾ ਗਿਆ ਹੈ ਉਹ ਮਹਾਨ ਉੱਚੀਆਂ ਧਾਰਮਕ ਸਿਖਰਾਂ ਨੂੰ ਛੂਹਨ ਵਾਲੇ ਅਤੇ ਮਨੁੱਖ ਮਾਤਰ ਨੂੰ ਟੁੰਬਣ ਵਾਲੇ ਹਨ । ਕੀਰਤਨ ਸੰਬੰਧੀ ਵੱਖ ਵੱਖ ਸਮਿਆਂ ਤੇ ਵੱਖ ਵੱਖ ਵਿਦਵਾਨ ਬਹੁਮੁੱਲੇ ਲੇਖ ਲਿਖਦੇ ਰਹਿੰਦੇ ਹਨ ਜਿਨ੍ਹਾਂ ਵਿਚ ਉਹ ਆਪਣੇ ਵੱਲੋਂ ਦਰਸਾਏ ਵਿਚਾਰ ਦੀ ਪੁਸ਼ਟੀ ਲਈ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦੀਆਂ ਟੂਕਾਂ ਦਾ ਸਹਾਰਾ ਲੈਂਦੇ ਰਹਿੰਦੇ ਹਨ । ਇਹ ਸਿਲਸਿਲਾ ਜਾਰੀ ਰਹੇਗਾ, ਵਿਦਵਾਨ ਖੋਜ ਕਰਦੇ ਰਹਿਣਗੇ ਅਤੇ ਵੱਡਮੁੱਲੇ, ਸਿਆਣਪ ਭਰਪੂਰ ਲੇਖ ਲਿਖਦੇ ਰਹਿਣਗੇ । ਹੁਣ ਤੱਕ ਜੋ ਲੇਖ ਮੈਂ ਪੜ੍ਹੇ ਹਨ ਉਨ੍ਹਾ ਵਿਚ ਆਈਆਂ, ਗੁਰਬਾਣੀ ਦੀਆਂ ਟੂਕਾਂ ਨੂੰ ਮੈਂ ਇਕੱਤਰ ਕਰਦਾ ਰਿਹਾ ਹਾਂ । ਇਨ੍ਹਾਂ ਇਕੱਤਰ ਕੀਤੀਆਂ ਟੂਕਾਂ ਨੂੰ ਬਿਨਾ ਕੋਈ ਤਰਤੀਬ ਦਿੱਤਿਆਂ ਕੀਰਤਨ ਮਹਿਮਾਂ ਸਿਰਲੇਖ ਹੇਠ ਕੀਰਤਨ ਪ੍ਰੇਮੀਆਂ, ਵਿਦਵਾਨਾਂ, ਖੋਜੀਆਂ, ਵਿਦਿਆਰਥੀਆਂ ਅਤੇ ਕੀਰਤਨ ਦੀ ਮਹਿਮਾ ਜਾਣਨ ਦੇ ਅਭਿਲਾਸ਼ੀਆਂ ਲਈ ਅੰਕਿਤ ਕਰ ਰਿਹਾ ਹਾਂ । ਇਨ੍ਹਾਂ ਗੁਰਬਾਣੀ ਦੀਆਂ ਤੁਕਾਂ ਦੇ ਬਹੁਪੱਖੀ ਸਰੂਪ ਵਿਚੋਂ, ਕੀਰਤਨ ਸੰਬੰਧੀ, ਖੋਜੀ ਜਨ ਜੋ ਭਾਲਣਗੇ ਅਵੱਸ਼ ਹੀ, ਪੂਰਨ ਸੇਧ, ਅਗਵਾਈ ਅਤੇ ਚਾਨਣ ਪ੍ਰਾਪਤ ਕਰ ਲੈਣਗੇ ।

1. ਕਲਜੁਗ ਮਹਿ ਕੀਰਤਨੁ ਪਰਧਾਨਾ, ਗੁਰਮੁਖਿ ਜਪੀਐ ਲਾਇ ਧਿਆਨਾ (1075)
2. ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ, ਕਥਾ ਕਰਿਤਨ
   ਅਨੰਦ ਮੰਗਲ ਧੁਨਿ, ਪੂਰ ਰਹੀ ਦਿਨਸ ਅਰੁ ਰਾਤਿ । (820)
3. ਰਾਜ ਲੀਲਾ ਤੇਰੈ ਨਾਮਿ ਬਣਾਈ
   ਜੋਗ ਬਨਿਆ ਤੇਰਾ ਕੀਰਤਨੁ ਗਾਈ (385)
4. ਰਾਜੁ ਮਾਲੁ ਜੰਜਾਲੁ ਕਾਜਿ ਲਾ ਕਿਤੈ ਗਨੋ
   ਹਰਿ ਕੀਰਤਨੁ ਅਧਾਰੁ ਨਿਹਚਲੁ ਏਹੁ ਧਨੋ (3987)
5. ਕਥਾ ਕੀਰਤਨੁ ਰਾਗ ਨਾਦ ਧੁਨਿ ਇਹੁ ਬਨਿਓ ਸੁਆਉ
   ਨਾਨਕ ਪ੍ਰਭ ਸੁਪ੍ਰਸੰਨ ਭਏ ਬਾਂਛਤ ਫਲ ਪਾਉ । (818)
6. ਕੀਰਤਨੁ ਨਿਰਮੋਲਕ ਹੀਰਾ, ਅਨੰਦ ਗੁਣੀ ਗਹੀਰਾ
   ਅਨਹਦ ਬਾਣੀ ਪੂੰਜੀ, ਸੰਤਨ ਹਥਿ ਰਾਖੀ ਕੂੰਜੀ । (893)
7. ਖੁਲਿਆ ਕਰਮ ਕ੍ਰਿਪਾ ਭਈ ਠਾਕੁਰ ਕੀਰਤਨ ਹਰਿ ਹਰਿ ਗਾਈ
   ਸ੍ਰਮਥਾਕਾ ਪਾਏ ਬਿਸਰਾਮਾ ਮਿਟਿ ਗਈ ਸਗਲੀ ਧਾਈ । (1000)
8. ਮਨ ਮਹਿ ਚਿਤਵਉ ਚਿਤਵਨੀ, ਉਦਮ ਕਰਉ ਉਠਿ ਨੀਤ,
   ਹਰਿ ਕੀਰਤਨ ਕਾ ਆਹਰੋ, ਹਰਿ ਦੇਹੁ ਨਾਨਕ ਕੇ ਮੀਤ । (519)
9. ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ
   ਤਿਸੁ ਜਨ ਦੂਖੁ ਨਿਕਟਿ ਨਹੀ ਆਵੈ । (190)
10. ਵੈਰ ਵਿਰੋਧ ਮਿਟੇ ਤਿਹ ਮਨ ਤੇ,
    ਹਰਿ ਕੀਰਤਨੁ ਗੁਰਮੁਖਿ ਜੋ ਸੁਨ ਤੇ । (259)
11. ਜੋ ਜੋ ਕੋਥੇ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸ
    ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ । (1300)


## ਪਾਠਕ ਜੀ

ਤੁਸੀਂ ਬੜੀ ਅਸਾਨੀ ਨਾਲ ਆਪਣੇ ਸੱਜਣਾਂ, ਮਿੱਤਰਾਂ ਤੇ ਰਿਸ਼ਤੇਦਾਰਾਂ ਨੂੰ 'ਅੰਮ੍ਰਿਤ ਕੀਰਤਨ' ਪ੍ਰੇਰਣਾ ਕਰਕੇ ਜਾਂ ਤੋਹਫੇ ਵਜੋਂ ਲੁਆ ਸਕਦੇ ਹੋ ।
ਆਪ ਦਾ ਇਹ ਉਪਰਾਲਾ ਪਤਾ ਨਹੀਂ ਕੀ
ਉਪਕਾਰ ਕਰ ਜਾਵੇ ।

12. ਭਗਤਿ ਭਾਇ ਹਰਿ ਕੀਰਤਨੁ ਕਰੀਐ
ਜਪਿ ਪਾਰਬ੍ਰਮ ਨਾਨਕ ਨਿਸਤਰੀਐ । (866)
13. ਅਮ੍ਰਿਤ ਰਸੁ ਹਰਿ ਕੀਰਤਨੋ ਕੋ ਵਿਰਲਾ ਪੀਵੈ । (400)
14. ਭਲੋ ਭਲੋ ਰੇ ਕੀਰਤਨੀਅ, ਰਾਮ ਰਮਾ ਰਾਮਾ ਗੁਨ ਗਾਉ, ਛੋਡਿ ਮਾਇਆ ਕੇ ਧੰਧਿ ਸੁਆਉ ।
15. ਜੇ ਕੋ ਅਪਣੇ ਠਾਕੁਰ ਭਾਵੈ ॥ ਕੋਟਿ ਮਧਿ ਏਹੁ ਕੀਰਤਨੁ ਗਾਵੈ ॥ ਸਾਧਿਸੰਗਤਿ ਕੀ ਜਾਵਉ ਟੇਕ ॥ ਕਹੁ ਨਾਨਕ ਤਿਸੁ ਕੀਰਤਨੁ ਏਕ ॥ (885)
16. ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ । (747)
17. ਤੀਰਥਿ ਜਾਉ ਤ ਹਉ ਹਉ ਕਰਤੇ, ਪੰਡਿਤ ਪੂਛਉ ਤ ਮਾਇਆ ਰਾਤੇ ॥ ਸੋ ਅਸਥਾਨ ਬਤਾਵਹੁ ਮੀਤਾ, ਜਾ ਕੈ ਹਰਿ ਹਰਿ ਕੀਰਤਨੁ ਨੀਤਾ ॥ (385) (੧) ਰਹਾਉ ਸਾਸਤ੍ਰ ਬੇਦ ਪਾਪ ਪੁੰਨ ਵੀਚਾਰ, ਨਰਕਿ ਸੁਰਗਿ ਫਿਰਿ ਫਿਰਿ ਅਉਤਾਰੁ ॥ ਸਾਧ ਸੰਗਿ ਹਰਿ ਕੀਰਤਨੁ ਗਾਈਐ, ਇਹ ਅਸਥਾਨੁ ਗੁਰੂ ਤੇ ਪਾਈਐ ॥
18. ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ । (642)
19. ਤੇਰੋ ਸੇਵਕੁ ਇਹ ਰੰਗਿ ਮਾਤਾ, ਭਇਉ ਕ੍ਰਿਪਾਲੁ ਦੀਨ ਦੁਖ ਭੰਜਨੁ ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ । (299)
20. ਧਾਵਤ ਮਨੁ ਰਾਖੈ ਇਕ ਠਾਇ, ਮਨੁ ਤਨੁ ਸੁਧੁ ਜਪਤ ਹਰਿ ਨਾਇ ਸਭ ਮਹਿ ਪੂਰਿ ਰਹੇ ਪਾਰਬ੍ਰਹਮ, ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮ ।
21. ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ । (902)
22. ਹਰਿ ਦਿਨੁ ਰੈਨਿ ਕੀਰਤਨੁ ਗਾਈਐ, ਬਹੁੜਿ ਨ ਜੋਨੀ ਪਾਈਐ (624)
23. ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨ ਕਰਿਅਹੁ ਨਿਰਬਾਣੁ ਜੀਉ । (923)
24. ਸੁਣਿ ਕੀਰਤਨੁ ਹਰਿ ਗੁਣ ਰਵਾ ਹਰਿ ਜਸੁ ਮਨਿ ਲਿਖਾ । (650)
25. ਕੋਟ ਪਰਾਧ ਮਿਟਹਿ ਜਨ ਸੇਵਾ ਹਰਿ ਕੀਰਤਨੁ ਰਸਿ ਗਾਈਐ ਈਹਾ ਸੁਖੁ ਆਗੈ ਮੁਖ ਊਜਲ ਜਨ ਕਾ ਸੰਗੁ ਵਡਭਾਗੀ ਪਾਈਐ । (610)
26. ਧੰਨ ਧੰਨ ਭਾਗ ਤਿਨਾਂ ਸਾਧ ਜਨਾ ਹਰਿ ਕੀਰਤਨ ਗਾਇ ਗੁਣੀ ਜਨ ਬਣਤਿਆ । (649)
27. ਸਰਬ ਮਨੋਰਥ ਰਾਜ ਸੂਖ ਰਸ ਸਦ ਖੁਸੀਆ ਕੀਰਤਨੁ ਜਪ ਨਾਮ । ਜਿਸਕੈ ਕਰਮਿ ਲਿਖਿਆ ਧੁਰਿ ਕਰਤੈ ਨਾਨਕ ਜਨ ਕੇ ਪੂਰਨ ਕਾਮ । (683)
28. ਨਾਨਕ ਕਹੈ ਸੁਨਿ ਰੇ ਮਨਾ ਕਰ ਕੀਰਤਨੁ ਹੋਇ ਉਧਾਰੁ (214)
29. ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ ਜਿਸੁ ਤੂੰ ਆਪਿ ਕਰਾਇਹਿ ਤਹਾ ਬੈਕੁੰਠ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ । (749)
30. ਗ੍ਰਿਹਿ ਤਾ ਕੇ ਬਸੰਤੁ ਗਨੀ, ਜਾ ਕੈ ਕੀਰਤਨੁ ਹਰਿ ਧੁਨੀ । (1180)
31. ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ ਤੇ ਸ੍ਰਵਨ ਭਲੇ ਸੋਭਨੀਕ ਕਿ ਹਹਿ ਮੇਰੀ ਜਿੰਦੜੀਏ ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਸ । (540)
32. ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸ ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ । (1300)
33. ਨਿਹਚਲੁ ਨਾਮੁ ਨਿਧਾਨੁ ਹੈ ਜਿਸੁ ਸਿਮਰਤ ਹਰਿ ਲਾਧਾ । ਨਿਹਚਲੁ ਕੀਰਤਨੁ ਗੁਣ ਗੋਬਿੰਦ ਗੁਰਮੁਖਿ ਗਾਵਾਧਾ । (1101)
34. ਜਿਨੀ ਸਚੁ ਵਣੰਜਿਆ ਹਰਿ ਜੀਉ ਸੇ ਪੂਰੇ ਸਾਹਾ ਰਾਮ ਬਹੁਤ ਖਜਾਨਾ ਤਿੰਨ ਪਹਿ ਹਰਿ ਜੀਉ ਹਰਿ ਕੀਰਤਨੁ ਲਾਹਾ ਰਾਮ । (543)
35. ਆਸ ਪਿਆਸ ਰਮਣ ਹਰਿ ਕੀਰਤਨ ਏਹ ਪਦਾਰਥ ਭਾਗਵੰਤ ਲਹੈ । (683)
36. ਦਿਨਸੁ ਰੈਨਿ ਹਰਿ ਕੀਰਤਨੁ ਗਾਈਐ । ਸੋ ਜਨ ਜਮ ਕੀ ਵਾਟ ਨ ਪਾਈਐ । (386)
37. ਜੋ ਜਨੁ ਕਰੈ ਕੀਰਤਨੁ ਗੋਪਾਲ । ਤਿਸ ਕਉ ਪੋਹਿ ਨ ਸਕੈ ਜਮਕਾਲ । (867)
38. ਕੀਰਤਨੁ ਸਾਗ ਸੰਗੋਣ ਨਾਨਕ ਨਹ ਦ੍ਰਿਸਟੰਤਿ ਜਮਦੂਤਨਹ । (1357)
39. ਸਾਧਸੰਗ ਨਾਨਕ ਬੁਧਿ ਪਾਈ ਹਰਿ ਕੀਰਤਨੁ ਆਧਾਰੋ ਨਾਮ ਦੇਉ ਤ੍ਰਿਲੋਚਨ ਕਬੀਰ ਦਾਸਰੋ ਮੁਕਤਿ ਭਇਓ ਚੰਮਿਆਰੋ । (498)
40. ਇਕੁ ਜਾਚਿਕੁ ਮੰਗੈ ਦਾਨ ਦੁਆਰੈ । ਜਾ ਪ੍ਰਭ ਭਾਵੈ ਤਾ ਕਿਰਪਾ ਧਾਰੈ । ਦੇਹੁ ਦਰਸੁ ਜਿਤੁ ਮਨੁ ਤ੍ਰਿਪਤਾਸੈ । ਹਰਿ ਕੀਰਤਨਿ ਮਨੁ ਠਹਿਰਾਇਦਾ । (1076)
41. ਸੁਖਦਾਤਾ ਦੁਖ ਭੰਜਨਹਾਰਾ । ਗਾਉ ਕੀਰਤਨੁ ਪੂਰਨ ਗਿਆਨ । (979)
42. ਅਨਦਿਨੁ ਕੀਰਤਨੁ ਕੇਵਲ ਬਖ੍ਹਾਨੁ । ਗ੍ਰਿਹਸਤ ਮਹਿ ਸੋਈ ਨਿਰਬਾਨੁ । (281)


## ਇਕ ਚੰਗੀ ਆਦਤ

*ਮੈਗਜ਼ੀਨ ਦਾ ਚਿੱਟ ਨੰਬਰ ਜ਼ਰੂਰ ਕਿਸੇ ਡਾਇਰੀ ਵਿੱਚ ਨੋਟ ਕਰਕੇ ਰੱਖੋ । ਇਸ ਤਰ੍ਹਾਂ ਤੁਸੀਂ ਮੈਗਜ਼ੀਨਾਂ ਦੇ ਨਾ ਪੁੱਜਣ 'ਤੇ ਚਿੱਟ ਨੰਬਰ ਦਾ ਹਵਾਲਾ ਦੇ ਕੇ ਆਪਣਾ ਤੇ ਮੈਗਜ਼ੀਨ ਪ੍ਰਬੰਧਕਾਂ ਦਾ ਬਹੁਤ ਸਾਰਾ ਸਮਾਂ ਬਚਾ ਸਕਦੇ ਹੋ ।*

*ਮੈਗਜ਼ੀਨ ਨਾ ਪੁੱਜਣ ਦੀ ਤੁਰੰਤ ਸੂਚਨਾ ਦਿਓ । 5 ਜਾਂ 6 ਮਹੀਨੇ ਬਾਦ ਸ਼ਿਕਾਇਤ ਭੇਜਣ ਲਈ ਤੁਸੀਂ ਵੀ ਜ਼ਿੰਮੇਵਾਰ ਬਣ ਜਾਂਦੇ ਹੋ ਤੇ ਅਸੀਂ ਵੀ ਆਪਦੀ ਸੇਵਾ ਨਹੀਂ ਕਰ ਸਕਦੇ ।*

ਡਾ: ਸੁਰਜੀਤ ਸਿੰਘ ਕੁੰਜਾਹੀ

# ਸਿੱਖ ਮੱਤ-ਮਨੁੱਖ ਮੱਤ

ਮਨੁੱਖ ਜੀਵਨ ਬਾਲ ਵਰੇਸੀ ਪਲੇਟਫਾਰਮ ਤੋਂ ਠ੍ਹਿਲੱਦਾ ਜਵਾਨੀ ਦੀ ਸਕਾਹਰੀ ਪਟੜੀ ਤੇ ਦੌੜਦਾ ਬੁਢਾਪੇ ਦੀ ਮੰਜ਼ਿਲ ਵਲ ਵਧਦਾ ਅਖ਼ੀਰ ਦੇ ਸਟੇਸ਼ਨ ਤੇ ਜਾ ਖਲੋਂਦਾ ਹੈ। ਇਹ ਦੌੜ ਸ਼ਾਇਦ ਹਰ ਜੀਵ ਤੇ ਸਹੀ ਢੁੱਕਦੀ ਹੈ। ਜੀਵਨ ਦੀ ਉਤਪਤੀ, ਵਿਚਰਨ ਅਤੇ ਬਿਨਾਸ ਸਭ ਕੁਝ ਕਿਸੇ ਆਦਿੱਸ ਤਾਕਤ ਦੇ ਵਸੀਭੂਤ ਹੈ। ਮਨੁੱਖ ਸਰਬ ਜੀਵਨ ਪ੍ਰਨਾਲੀ ਦਾ ਮੋਢੀ ਜੀਵ ਹੈ। ਇਸ ਕੋਲ ਸੋਚ ਸ਼ਕਤੀ ਅਤੇ ਲੱਥੀ ਚੜ੍ਹੀ ਦਾ ਨਿਆਂ ਕਰਨ ਵਾਲੀ ਪ੍ਰਵਿਰਤੀ ਪੈਦਾਇਸ਼ ਦੇ ਨਾਲ ਹੀ ਹੋ ਤੁਰਦੀ ਹੈ। ਜੀਵਨ ਪੈਂਡੇ ਦੇ ਉਤਾਰ ਚੜ੍ਹਾਅ, ਝੱਖੜ ਤੁਫਾਨ, ਸੁੱਖ ਦੁੱਖ ਅਤੇ ਜੀਵਨ ਦਾ ਮੁਖਾਰ ਬਿੰਦ ਇਸ ਦੇ ਹੱਥੀਂ ਨੱਪੀ ਲਗਾਮ ਵੱਸ ਹੁੰਦੇ ਹਨ। ਇਹ ਆਪਣੀ ਸੁਝ ਮੁਤਾਬਕ ਘੋੜੇ ਦੁੜਾਂਦਾ ਹੈ। ਪਰ ਰਸਤੇ ਅਤੇ ਮੰਜ਼ਿਲਾਂ ਲੇਖਾਂ ਨਾਲ ਜੁੜੀ ਕਿਸੇ ਅਜੀਬ ਸ਼ਕਤੀ ਦੇ ਸਾਂਟਿਆਂ ਨਾਲ ਇਹਨਾਂ ਘੋੜਿਆਂ ਦੇ ਮੂੰਹ ਕਿਸੇ ਹੋਰ ਪਾਸੇ ਮੋੜ ਲਿਆ ਕਰਦੀਆਂ ਹਨ। ਜੋ ਕੁਝ ਮਨੁੱਖ ਲੋਚਦੈ, ਉਸ ਦੀ ਪ੍ਰਾਪਤੀ ਨਹੀਂ ਹੁੰਦੀ। ਜੀਵਨ ਦੀਆਂ ਸਾਰੀਆਂ ਜੁਗਤੀਆਂ ਵਿਚ ਉਹ ਤਜਰਬੇ ਕਰਦਾ, ਵਾਧੇ ਘਾਟੇ ਕਰਦਾ ਅਤੇ ਹਰ ਹੀਲੇ ਦੀ ਹੱਦ ਤਕ ਸਿਰ ਮਾਰਦਾ ਯਤਨਾਂ ਵਿਚ ਕਾਮਯਾਬ ਜਾਂ ਨਾਕਾਮਯਾਬ ਹੋ ਕੇ ਉਸ ਅਜੀਬ ਸ਼ਕਤੀ ਅੱਗੇ ਸਿਰ ਨਿਵਾਕੇ ਅਰਦਾਸੀਆ ਬਣ ਜਾਂਦੈ। ਬਸ ਇਹੋ ਸੰਖੇਪ ਹਰ ਜੀਵਨ ਦਾ ਦਿੱਸ ਆਉਂਦਾ ਹੈ।

ਇਹੋ ਜਿਹੇ ਕਰੋੜਾਂ ਜੀਆਂ ਜੰਤ ਧਰਤ ਦੇ ਵਿਸ਼ਾਲ ਕ੍ਰੀੜਾ ਖੇਤਰ ਵਿਚ ਕੇਲ ਕਰੇਂਦੇ ਉਪਜਦੇ ਬਿਨਸਦੇ ਰਹੇ ਹਨ। ਸਮਾਂ ਆਪਣੀ ਮਸਤ ਚਾਲ ਵਿਚ ਪਿੱਛੇ ਪਰਤ ਕੇ ਕਦੀ ਤੱਕਦਾ ਨਹੀਂ। ਮੁੜ ਕੇ ਤੱਕਣ ਦੀ ਆਦਤ ਤਾਂ ਇਤਿਹਾਸ ਦੀ ਹੈ। ਧਰਤੀ ਦੇ ਜੁਗਰਾਫੀਏ ਨੂੰ ਸੁਰਜੀਤ ਕਰਨ ਦਾ ਬੀੜਾ ਵੀ ਤਾਂ ਇਤਿਹਾਸ ਨੇ ਹੀ ਚੁੱਕੀ ਰੱਖਿਆ ਹੈ। ਭਾਵੇਂ ਇਸ ਜੁਗਰਾਫੀਏ ਰੂਪ ਤੇ ਵੀ ਪੋਚਾ ਮਾਰਨ ਵਾਲੀਆਂ ਸੱਭਿਆਤਾਵਾਂ ਸਮੇਂ ਦੀ ਉਂਗਲੀ ਨਾਲ ਅੜੁੰਗੀ ਰੱਸੀ ਨੇ ਨੱਪੀ ਰੱਖੀਆਂ ਹਨ, ਪਰ ਮਨੁੱਖ ਇਸ ਪਰਿਵਰਤਨ ਦਾ ਸਾਰਾ ਸ਼੍ਰੇਹ ਆਪਣੀ ਸੁਝ ਦੇ ਮੱਥੇ ਤੇ ਮੜ੍ਹਦਾ ਹੈ ਅਤੇ ਅੱਜ ਦੇ ਸੰਸਾਰ ਵਿਚ ਆਏ ਹੋਏ ਅਜੀਬ ਇਨਕਲਾਬ ਨੂੰ ਆਪਣੀ ਦੇਣ ਮੰਨਣ ਲਗ ਪਿਆ ਹੈ। ਅਸਲ ਵਿਚ ਮਨੁੱਖ ਦੀ ਸੁਝ ਦੇ ਨਾਲ ਉਸ ਪਰਵਰਦਿਗਾਰ ਨੇ ਇਸ ਵਿਚ ਹਉਂ ਦੀ ਚੂੰਢੀ ਵੀ ਪਾ ਦਿੱਤੀ ਸੀ। ਇਹ ਇਕ ਅਜੀਬ ਕਿਸਮ ਦੀ ਰੰਗਣ ਚਾੜ੍ਹ ਦੇਂਦੀ ਏ। ਕੁਦਰਤ ਸ਼ਾਇਦ ਧਰਤੀ ਦੇ ਵਿਸ਼ਾਲ ਸਰੂਪ ਵਿਚ ਛੈਣੀਂ ਹਥੌੜੇ ਮਾਰ ਕੇ ਨਿਖਾਰ ਲਿਆਉਣ ਲਈ ਇਸ ਚਿਣਗ ਦਾ ਇਸਤੇਮਾਲ ਆਪ ਮਨੁੱਖ ਰਾਹੀਂ ਕਰਵਾਉਂਦੀ ਹੈ। ਇਸ ਮਹਾਨ ਕੌਤਕ ਦਾ ਘਾੜਾ ਬਦਲਦੇ ਰੰਗਾਂ ਦੀ ਸਤਰੰਗੀ ਪੀਂਘ ਤੇ ਝੂਟਦਾ ਇਸ ਸਾਰੇ ਕੇਲ ਵਿਚ ਆਪਣੀ ਸਿਫਤ ਸਾਲਾਹ ਦੇ ਦਰਪਣ ਸੰਸਾਰ ਪ੍ਰਾਣੀਆਂ ਦੀਆਂ ਨਜ਼ਰਾਂ ਸਾਹਮਣੇ ਰੱਖ ਦਿੱਤਾ ਕਰਦਾ ਹੈ। ਇਹ ਲਿਸ਼ਕਾਰੇ ਕਿਸੇ ਦਰਸਾਏ ਜੀਵੜੇ ਨੂੰ ਹੀ ਦੀਂਹਦੇ ਹਨ।


**The Sikh Courier**

88 Mollison Way, Edgware Middlesex
(Greator London) U.K.

**The Sikh Review**

116 Karnani Mansion
25-A, Park Steet, Calcutta 700016

ਸਵਾਲ ਪੈਦਾ ਹੁੰਦਾ ਹੈ ਕਿ ਕਰਤਾ ਕੌਤਕ ਰਚਾ ਕੇ ਸਰਬ ਜੀਵਾਂ ਨੂੰ ਉਹ ਨਜ਼ੀਰਾਂ ਕਿਉਂ ਨਹੀਂ ਬਖ਼ਸ਼ਦਾ ? ਇਹ ਵੀ ਇਕ ਵਿਚਾਰ ਪੈਦਾ ਹੁੰਦਾ ਹੈ ਕਿ ਉਸ ਕਰਤੇ ਦੀ ਸਿਫਤ ਸਾਲਾਹ ਕਿਵੇ ਕਰੀਏ ? ਕਰੀਏ ਤੇ ਕਿਉਂ ਕਰੀਏ ? ਅਤੇ ਇਹ ਵੀ ਕਿ ਉਹ ਸਰਬ ਪ੍ਰਿਤਪਾਲਕ ਹੈ ਤਾਂ ਆਪੇ ਸਭ ਤੇ ਇੱਕੋ ਜਹੀ ਨਜ਼ਰ ਰੱਖੇਗਾ । ਉਸ ਲਈ ਘੜੀ ਘੜੀ ਅਰਜ਼ੋਈਆਂ, ਅਰਦਾਸਾਂ, ਜੋਦੜੀਆਂ ਤੇ ਹੱਥ ਕਿਉਂ ਅੱਡੇ ਜਾਣ । ਦਸਮ ਪਾਤਸ਼ਾਹ ਦਾ ਫਰਮਾਨ

**"ਜਾਨ ਕੋ ਦੇਤ, ਅਜਾਨ ਕੋ ਦੇਤ**
**ਜ਼ਮੀਨ ਕੋ ਦੇਤ, ਜਮਾਂਨ ਕੋ ਦੈਅ ਹੈ"**

ਇਸ ਦੀ ਪੁਸ਼ਟੀ ਕਰਦਾ ਹੈ । ਇਸੇ ਪ੍ਰਕਾਰ ਗੁਰਬਾਣੀ ਦੇ ਹਵਾਲੇ ਜਦੋਂ ਘੋਖਦੇ ਹਾਂ, ਵਿਚਾਰਦੇ ਹਾਂ ਅਤੇ ਨਮਨ ਕਰਕੇ ਸਤਿਕਾਰਦੇ ਹਾਂ ਤਾਂ ਕਈ ਹੋਰ ਨਵੇਂ ਸਵਾਲ ਪੈਦਾ ਹੋ ਜਾਂਦੇ ਹਨ । ਇਹਨਾਂ ਘੋਖਾਂ, ਵਿਚਾਰਾਂ ਅਤੇ ਅਤਿ ਸੂਖਮ ਨੁਕਤਿਆਂ ਦੀ ਸਮਝ ਲਈ ਉਚੇਚੇ ਯਤਨ ਕਰਨੇ ਪੈਂਦੇ ਹਨ । ਵੱਡੇ ਤੋਂ ਵੱਡੇ ਦਾਨੇ ਅਤੇ ਸਿਆਣੇ ਪੁਰਖ ਅੱਗੇ ਵੀ ਇਸ ਪ੍ਰਕਾਰ ਦੇ ਪੇਚੀਦਾ ਨੁਕਤੇ ਆਣ ਖਲੋਂਦੇ ਹਨ । ਇਹ ਸਭ ਕਿਸੇ ਨਿਆਂ ਦੀ ਮੰਗ ਕਰਦੇ ਹਨ । ਗੁਰੂ ਦੀ ਸ਼ਰਨ ਵਿਚ ਆ ਕੇ ਵਿਚਾਰ ਦੀ ਵਿਆਖਿਆ ਸੁਣਕੇ ਜਦੋਂ ਸ਼ੰਕੇ ਨਿਵਾਰੇ ਜਾਂਦੇ ਨੇ ਤਾਂ ਇਹ ਸੋਝੀ ਮਨੁੱਖ ਨੂੰ ਉਸ ਇਲਾਹੀ ਨੂਰ ਦੇ ਕੁਝ ਨੇੜੇ ਲੈ ਜਾਂਦੀ ਹੈ ਇਹ ਅਭਿਆਸ ਅਤੇ ਯਤਨ ਦੀ ਪਹਿਲੀ ਪਉੜੀ ਹੈ ।

ਸੰਸਾਰ ਦੀ ਤੜਕ ਭੜਕ, ਮੋਹ ਮਾਇਆ, ਅਤੇ ਸਰਬ ਸਵਾਦ ਮਨੁੱਖ ਦੇ ਭੋਗਣੇ ਜੋਗ ਹਨ । ਗੁਰੂ ਦੀ ਸਿੱਖਿਆ ਇਸ ਵੱਲੋਂ ਮੂੰਹ ਮੋੜ ਕੇ ਜੰਗਲਾਂ, ਪਹਾੜਾਂ ਕੰਦਰਾਂ ਵਿਚ ਵੜਕੇ ਤਿਆਗ ਦੀ ਗੱਲ ਨਹੀਂ ਕਰਦੀ । ਇਹ ਤਾਂ ਸੰਸਾਰ ਦੇ ਮੋਹ ਮਾਇਆ ਦੇ ਭਰੇ ਹੋਏ ਗੰਧਲੇ ਪਾਣੀ ਵਿਚ ਰਹਿਕੇ ਕਮਲ ਵਾਂਗ ਨਿਰਲੇਪ ਹੋਣ ਦੀ ਗੱਲ ਕਰਦੀ ਹੈ । ਸਿੱਖ ਮਤ ਇਕ ਜੀਵਨ ਜਾਚ ਦਾ ਨਾਮ ਹੈ ਜਿਸ ਵਿਚ ਵੱਸੋਂ ਇਹੋ ਜਹੇ ਜੀਊੜਿਆਂ ਦੀ ਹੈ ਜੋ ਕਮਲ ਵਾਂਗ ਨਿਰਲੇਪ ਹਨ । ਇਹ ਉਹ ਧਾਰਾ ਹੈ ਜੋ ਸਰਬ ਵਿਆਪੀ ਨਿਰੰਕਾਰ ਦੀ ਰੋਸ਼ਨੀ ਆਪਣੀਆਂ ਲਹਿਰਾਂ ਤੇ ਲਿਸ਼ਕਾਂਦੀ ਸੰਸਾਰ ਦੇ ਆਫਰੇ ਹੋਏ ਦਰਿਆਵਾਂ ਕੰਢੇ ਖਲੋਤੇ ਜਿਗਆਸੂਆਂ ਲਈ ਠਾਰ ਅਤੇ ਗਿਆਨ ਕਿਰਨਾਂ ਵੰਡਣ ਲਈ ਇਕ ਵੇਗ ਬਣ ਕੇ ਵਗ ਰਹੀ ਹੈ । ਮਨ ਵਿਚ ਆਏ ਰੋਜ਼ ਰੋਜ਼ ਦੇ ਨਵੇ ਸਵਾਲਾਂ ਦਾ ਜਵਾਨ ਇਸ ਰੋਸ਼ਨੀ ਵਿਚ ਹੋਰ ਹੋਰ ਉਘੜ ਪੈਂਦੇ । ਜਿਉਂ ਜਿਉਂ ਯਤਨਾਂ ਦੇ ਪੰਖੇਰੂ ਇਸ ਉਜਾਗਰ ਝੌਲੇ ਦੇ ਖਿਲਾਰ ਦੇ ਉਤੋਂ ਪਰਵਾਜ਼ ਭਰਦੇ ਲੰਘਦੇ ਹਨ, ਇਹਨਾਂ ਦੀ ਉਡਾਣ ਵਿਚ ਨਵੀਨਤਾ ਜਾਗਰਤ ਹੁੰਦੀ ਹੈ । ਪਰਵਾਜ਼ਾਂ ਡੂੰਘੀਆਂ ਉਚਾਈਆਂ ਵਿਚ ਬਿਨ ਯਤਨੋਂ ਜੁਗਾਂ ਦੀਆਂ ਦੂਰੀਆਂ ਤੈਹ ਕਰਕੇ ਪਰਤਦੀਆਂ ਨੇ । ਇਹੋ ਜਹੇ ਜਿਉਂਦੇ ਜਾਗਦੇ ਚੇਤੰਨ ਅਤੇ ਸੰਪੂਰਨ ਮਨੁੱਖਾਂ ਦੀ ਇਸ ਮਹਾਨ ਵੱਸੋਂ ਨਾਲ ਸੰਸਾਰ ਵਿਚ ਮਨੁੱਖਤਾ ਦੀ ਹੋਂਦ ਸਾਬਤ ਖਲੋਤੀ ਏ । ਅੱਜ ਸੰਸਾਰ ਵਿਚ ਜੋ ਕੁਝ ਕੁਦਰਤ ਦੇ ਅਸੂਲਾਂ ਨਾਲ ਪੂਰਨ ਹੈ ਉਸ ਪੂਰਨਤਾ ਵਿਚ ਗੁਰੂ ਦਾ ਵਰਦਾਨ ਸਰਬ ਪ੍ਰਥਮ ਅਤੇ ਸਰਵੋਚ ਸਥਾਨ ਤੇ ਸਾਫ ਸੁੱਥਰਾ ਨਜ਼ਰ ਆਉਂਦਾ ਪਿਆ ਹੈ ।

ਸਾਇੰਸ ਦੇ ਇਸ ਯੁੱਗ ਵਿਚ ਮਨੁੱਖ ਨੇ ਰੱਜ ਕੇ ਤਰੱਕੀ ਕੀਤੀ ਹੈ । ਹਰ ਤਰੱਕੀ ਦੇ ਪਿਛਵਾੜੇ ਕੁਝ ਮੈਲੇ ਕਚੈਲੇ ਤੱਕ ਸੜਿਆਂਦ ਪੈਦਾ ਕਰਦੇ ਨਜ਼ਰ ਆਉਂਦੇ ਹਨ । ਮਨੁੱਖ ਨੇ ਕੁਦਰਤ ਦੇ ਕੰਧਾੜੇ ਚੜ੍ਹ ਕੇ ਇਹਦੀਆਂ ਜਲੂਟੀਆਂ ਨੂੰ ਹੱਥ ਪਾ ਲਿਆ ਹੈ । ਪਹਾੜ, ਜੰਗਲ, ਬਰਫਾਂ, ਬੱਦਲ, ਨਦੀਆਂ, ਸਮੁੰਦਰ ਸਭ

**ਅਨਮੋਲ ਬਚਨ**

***Anything less than a conscious commitment to the important is an unconscious commitment to the unimportant***

***Stephen Covey***

ਆਪਣੇ ਬਚਾਅ ਲਈ ਅਰਜ਼ੋਈਆਂ ਕਰ ਰਹੇ ਹਨ । ਕਰਤੇ ਦੀ ਕਿਰਤ ਨਾਲ ਮਖੌਲ ਕਰਦਾ ਮਨੁੱਖ ਜਦੋਂ ਬੜਾ ਗੰਭੀਰ ਤੇ ਭੈ-ਭੀਤ ਹੋ ਜਾਂਦੈ ਤਾਂ ਮੁੜ ਮੁੜ ਆਪਣੇ ਕੀਤੇ ਲਈ ਪਛਤਾਂਦਾ ਹੈ । ਅੱਜ ਸਮਾਂ ਆ ਗਿਆ ਹੈ ਕਿ ਮਨੁੱਖ ਫੇਰ ਜੰਗਲ, ਉਗਾਉਣ ਪਹਾੜਾਂ ਦੀ ਕਟਾਈ ਰੋਕਣ ਅਤੇ ਦਰਿਆਵਾਂ ਦੀ ਸਫਾਈ ਬਾਰੇ ਸੋਚਣ ਲੱਗ ਪਿਆ ਹੈ । ਇਹ ਸੋਝੀ ਵੀ ਉਸ ਕਰਤੇ ਦੀ ਦੇਣ ਹੈ । ਸਿੱਖ ਮੱਤ ਵਿਚ ਕੁਦਰਤ ਦੀ ਮਹਾਨਤਾ ਅਤੇ ਇਸ ਵਿਚ ਜੀਵਨ ਦੀ ਸੁਗੰਧੀ ਪ੍ਰਤੀ ਸਤਿਕਾਰ ਨੂੰ ਉਚੀ ਥਾਂ ਦਿੱਤੀ ਗਈ ਹੈ । ਬ੍ਰਹਿਮੰਡ ਵਿਚ ਪ੍ਰਚਲਿਤ ਸ਼ਕਤੀਆਂ ਅਤੇ ਪ੍ਰਵਰਤੀਆਂ ਨੂੰ ਸਰੀਰ ਦੀ ਬਣਤਰ ਵਿਚ ਲੱਭਣ ਦੀ ਗੱਲ ਵੀ ਗੁਰੂ ਨੇ ਹੀ ਕੀਤੀ ਹੈ -

**ਜੋ ਬ੍ਰਹਿਮੰਡੇ ਸੋਈ ਪਿੰਡੇ**
**ਜੋ ਖੋਜੈ ਸੋ ਪਾਵੈ**

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਮਨੁੱਖ ਆਪ ਕੁਝ ਵੀ ਨਹੀਂ ਅਤੇ ਉਸ ਕਰਤੇ ਦੀ ਮਿਹਰ ਦਾ ਸਦਾ ਰਿਣੀ ਹੈ । ਅਸੀਂ ਜੀਵਨ ਯਾਤਰਾ ਵਿਚ ਹਜ਼ਾਰਾਂ ਬੰਦਿਆਂ ਦੇ ਸੰਪਰਕ ਵਿਚ ਆਉਂਦੇ ਹਾਂ । ਹਰ ਇਕ ਮਨੁੱਖ ਕਿਸੇ ਨਾ ਕਿਸੇ ਪੱਖੋਂ ਸਾਡੇ ਚੰਗੇ ਮੰਦੇ ਦਾ ਕਾਰਨ ਹੁੰਦਾ ਹੈ । ਇਹਨਾਂ ਵਤੀਰਿਆਂ ਵਿੱਚੋਂ ਜੀਵਨ ਦੇ ਕਈ ਰਸਤੇ ਅਤੇ ਮੋੜ ਨਜ਼ਰੀਂ ਪੈਂਦੇ ਨੇ । ਆਪਣੇ ਸੁੱਖ ਦੁੱਖ ਦੇ ਸਾਰੇ ਖਿਣ ਪਲ ਸਾਂਝੇ ਕਰਨ ਲਈ ਪਰਿਵਾਰ ਬਣਾਉਂਦਾ ਹੈ । ਇਹਨਾਂ ਵਿਚ ਹੀ ਦੁੱਖਾਂ ਦੇ ਬੀਜ ਬਜੀਂਦੇ, ਸੁਖਾਂ ਦੇ ਹੰਡੋਲੇ ਉੱਡਦੇ ਅਤੇ ਨਿਰਲੇਪਤਾ ਦੇ ਨਮੂਨੇ ਨਜ਼ਰੀ ਪੈਂਦੇ ਹਨ । ਸਵਾਲਾਂ ਦੇ ਜਵਾਬ ਅਤੇ ਜਵਾਬਾਂ ਦੇ ਖ਼ਵਾਬ ਲੈਂਦੀ ਮਨੁੱਖਤਾ ਜਦੋਂ ਦੀ ਇਹ ਧਰਤੀ ਬਣੀ ਹੈ, ਚਲੀ ਆ ਰਹੀ ਹੈ । ਜਿਥੇ ਇਹ ਹਤਾਸ਼ ਹੋ ਕੇ ਡਿੱਗਦੀ ਹੈ ਉਥੇ ਗੁਰੂ ਦਾ ਆਸਰਾ ਉਹਨੂੰ ਉਂਗਲੀ ਫੜਕੇ ਉਠਾ ਲੈਂਦਾ ਹੈ ।

ਇੱਥੇ ਇਸ ਗੱਲ ਦਾ ਸਵਾਲ ਪੈਦਾ ਹੁੰਦਾ ਹੈ ਕਿ ਮਨੁੱਖ ਦੀ ਜ਼ਾਤ ਵਿਚ ਸਾਰੀਆਂ ਪਰਵਿਰਤੀਆਂ ਦੇ ਸਰੂਪ ਇੱਕੋ ਜਿਹੇ ਕਿਉਂ ਨਹੀਂ ? ਕਈ ਬੰਦੇ ਬੜੇ ਸਾਊ, ਕਈ ਰੱਜ ਕੇ ਭੈੜੇ, ਕਈ ਗੁਸੈਲ, ਕਈ ਮੋਮ ਜਿਹੇ ਨਰਮ, ਕਈ ਪ੍ਰਕਾਰ ਦੇ ਸੁਭਾਅ ਕਈ ਪ੍ਰਕਾਰ ਦੇ ਆਸ਼ੇ ਨਿਰਾਸ਼ੇ ਅਤੇ ਕਈ ਪ੍ਰਕਾਰ ਦੇ ਰੰਗ ਨਸਲਾਂ ਮਜ਼ਹਬ ਬੋਲੀਆਂ ਕਬੀਲੇ ਵਿਸ਼ਵਾਸ਼ ਤੇ ਅੰਧਵਿਸ਼ਵਾਸ਼ । ਏਨੀਆਂ ਵੰਨਗੀਆਂ ਵਿਚ ਕੀ ਠੀਕ, ਕੀ ਗਲਤ, ਕੌਣ ਸੱਚ ਤੇ ਪੂਰਾ, ਕੌਣ ਝੂਠ ਦਾ ਪ੍ਰਛਾਵਾਂ ਆਦਿ ਸਵਾਲਾਂ ਵਿਚ ਪੈਣ ਦਾ ਵਿਸ਼ਾ ਇਸ ਲੇਖ ਦਾ ਮੰਤਵ ਨਹੀਂ । ਪਰ ਇਸ ਹਵਾਲੇ ਦੀ ਲੋੜ ਇੱਕ ਇਸ਼ਾਰੇ ਮਾਤਰ ਇਸ ਲਈ ਦੇਣ ਦੀ ਸੋਚੀ ਹੈ ਕਿ ਮਨੁੱਖ ਦੀਆਂ ਵੱਖ ਵੱਖ ਵੰਨਗੀਆਂ ਤੋਂ ਨਜ਼ਰ ਲੰਘ ਜਾਵੇ । ਗੁਰੂ ਦੀ ਸਿੱਖਿਆ ਵੀ ਸਰਬ ਮਨੁੱਖ ਜਾਤੀ ਲਈ ਸਾਂਝੀ ਹੈ । ਕਿਸੇ ਖਾਸ ਕਿੱਤੇ ਜਾਂ ਵਰਗ ਲਈ ਇਹ ਪ੍ਰਗਟਾਵਾ ਨਹੀਂ ਹੈ । "ਖਤਰੀ ਬ੍ਰਹਿਮਨ ਸੂਦ ਵੈਸ ਉਪਦੇਸ ਚੌਹ ਵਰਨਾ ਕਓ ਸਾਂਝਾ" ? ਦੀ ਗੱਲ ਕੇਵਲ ਗੁਰੂ ਦੀ ਸਿੱਖਿਆ ਤੇ ਅਮਲ ਕਰਨ ਵਾਲੇ ਦੇ ਹਿੱਸੇ ਆਈ ਹੈ । ਸੰਸਾਰ ਦੇ ਸਰਬੱਤ ਪ੍ਰਾਣੀ ਜਗਤ ਵਿੱਚ ਵੰਡੇ ਹੋਏ ਫਿਰਕੇ ਆਪੋ ਆਪਣੀ ਗੱਲ ਕਰਦੇ ਹਨ । ਇਹ ਗੁਰੂ ਨਾਨਕ ਦਾ ਦਰ ਹੀ ਹੈ ਜਿਥੋਂ ਇਹ ਆਵਾਜ਼ ਆਉਂਦੀ ਰਹਿੰਦੀ ਹੈ -

**"ਸਭੇ ਸਾਂਝੀਵਾਲ ਸਦਾਇਨ**
**ਕੋਇ ਨਾ ਦਿਸੈ ਬਾਹਰਾ ਜੀਓ"**

ਸਰਬ ਸਾਂਝੇ ਰੱਬ ਅਤੇ ਸਰਬ ਮਨੁੱਖ ਜਾਤੀ ਦਾ ਏਕਾ ਹੀ ਗੁਰੂ ਨਾਨਕ ਦੇ ਜੀਵਨ ਦਾ ਮੁੱਖ ਮੱਤਵ ਸੀ । ਸਰਬ ਕਾਇਨਾਤ ਦੀਆਂ ਸਰਬ ਸੰਗਤਾਂ ਦੀ ਸਰਬ ਸਾਂਝੀ ਵੰਡ ਦਾ ਜਿੰਨਾਂ ਸੁੰਦਰ ਸਰੂਪ ਗੁਰੂ ਦੀ ਬਾਣੀ

## ਅਨਮੋਲ ਬਚਨ

*ਜੇਕਰ ਤੁਸੀਂ ਆਪਣੀ ਸਿਆਣਪ ਜਤਾਉਣ ਲਈ ਕਿਸੇ ਸਿਆਣੇ ਅੱਗੇ ਜਿਆਦਾ ਗੱਲਾਂ ਕਰੋਗੇ ਤਾਂ ਤੁਹਾਡੀ ਮੂਰਖਤਾ ਪਰਗਟ ਹੋਵੇਗੀ ।*

*ਸ਼ੇਖ ਸਾਅਦੀ*

ਨੇ ਉਘੇੜਿਆ ਹੈ, ਉਨ੍ਹਾਂ ਕਿਸੇ ਹੋਰ ਪਰਮਾਤਮਾਂ ਦੇ ਵਰਸਾਏ ਮੁਰਸ਼ਦ ਦੇ ਕਥਨਾਂ ਵਿਚ ਵਿਰਲਾ ਹੀ ਲੱਭਦਾ ਹੈ । ਬਹੁਤੀਆਂ ਗੱਲਾਂ ਮਨੁੱਖ ਨੂੰ ਭੈਭੀਤ ਕਰਕੇ ਸ਼ਰਤਾਂ ਅਧੀਨ ਮਨਵਾਈਆਂ ਗਈਆਂ ਹਨ । ਮਨੁੱਖ ਦੀ ਜਿਗਿਆਸਾ ਅਤੇ ਬੇਅੰਤ ਭੁਲਾਵਿਆਂ ਦੇ ਸਵਾਲ ਪੁੱਛਣ ਦੀ ਜੁਰਹਤ ਕਰਨ ਦੇ ਫਤਵੇ ਲੱਗਣ ਦੇ ਡਰ, ਮਨੁੱਖ ਜਾਤੀ ਉਤੇ ਕੱਸੇ ਗਏ ਸ਼ਿਕੰਜੇ ਹੀ ਤੇ ਹਨ । ਜਿੱਥੇ ਕੋਈ ਅੜ ਖਲੋਵੇ ਉਹਦਾ ਸਿਰ ਕਲਮ ਜਾਂ ਕਰੜੀ ਸਜ਼ਾ ਦੇ ਕੇ ਚੁੱਪ ਕਰਵਾਉਣ ਦੇ ਤਰੀਕੇ ਵਰਤਦੇ ਰਹੇ ਹਨ ਕੁਝ ਲੋਕ । ਮਨੁੱਖ ਦੇ ਇਤਿਹਾਸ ਵਿਚ ਕਈ ਪ੍ਰਕਾਰ ਦੇ ਤਸੀਹੇ ਸਾਫ ਦਿੱਸਦੇ ਹਨ । ਹੂਰਾਂ ਦੇ ਲਾਲਚ, ਦੋਜ਼ਕ ਦੀ ਅਗਨੀ ਦੇ ਭੈਅ ਅਤੇ ਪਾਪ ਪੁੰਨ ਦੇ ਕਈ ਹੋਰ ਉਪਾਅ ਮਨੁੱਖ ਮਾਤਰ ਨੂੰ ਮਦਾਰੀ ਦੇ ਬਾਂਦਰ-ਬਾਂਦਰੀ ਬਣਾਈ ਬੈਠੇ ਹਨ । ਗੁਰੂ ਨਾਨਕ ਨੇ ਪਹਿਲੀ ਵਾਰ ਨਾਹਰਾ ਲਾਇਆ -

"ਨਾ ਕੋਈ ਹਿੰਦੂ ਨਾ ਮੁਸਲਮਾਨ"
ਅਤੇ ਅੱਗੇ ਫੇਰ ਫੁਰਮਾਇਆ -
"ਸ਼ੁਭ ਅਮਲਾਂ ਬਾਝੋਂ ਦੋਨੋ ਰੋਈ "

ਮਨੁੱਖ ਚੰਗੇ ਕਰਮਾਂ ਕਰਕੇ ਮਨੁੱਖਤਾਂ ਦੀ ਪੱਧਰ ਤੇ ਪੂਰਨ ਹੋ ਸਕਦਾ ਹੈ । ਮਾੜੇ ਕੰਮ ਨਿੰਦਨ ਯੋਗ ਹਨ । ਇਹ ਨਬੇੜਾ ਸੰਸਾਰ ਵਿਚ ਵਿਚਰਦਿਆਂ ਹੀ ਹੋ ਜਾਂਦੈ । ਐਵੇਂ ਸੁਰਗ ਨਰਕ, ਜੰਨਤ ਦੋਜ਼ਖ, ਹੈਵਨ ਹੈਲੱ ਦੇ ਮਨਘੜਤ ਟਪਲੇ ਮਨੁੱਖ ਜਾਤੀ ਨੂੰ ਭਰਮਾਉਣ ਲਈ ਭੇਖੀ ਧੋਖੇਬਾਜ਼ਾਂ ਨੇ ਘੜੇ ਹੋਏ ਨੇ । ਇਨ੍ਹਾਂ ਟਪਲਿਆਂ ਦੇ ਕਰਮ ਕਾਂਡਾਂ ਵਿਚ ਮਨੁੱਖ ਜਾਤੀ ਨੂੰ ਭਰਮਾ ਕੇ ਕਈ ਅਖਾਉਤੀ ਮੁਰਸ਼ਿਦਾਂ ਨੇ ਵਾਹਵਾ ਘਾਤ ਲਾਈ ਹੈ । ਭੋਲੀ-ਲੁਕਾਈ ਕਰਾਮਾਤਾਂ ਦੇ ਚਕਮੇ ਖਾਂਦੀ ਇਹੋ ਜਿਹੇ ਪਖੰਡੀਆਂ ਦੇ ਚੁੰਗਲ ਤੋਂ ਬਚਣ ਲਈ ਗੁਰੂ ਦੇ ਦਰਸਾਏ ਮਾਰਗ ਤੇ ਜਦੋਂ ਆ ਡਿੱਗਦੀ ਹੈ, ਉਸ ਦੇ ਭਰਮ ਦੇ ਪਰਦੇ ਖੁੱਲ੍ਹ ਜਾਂਦੇ ਹਨ ਅਤੇ ਸਤਿਗੁਰੂ ਜੀ ਦੀ ਅਪਾਰ ਕਿਰਪਾ ਦਵਾਰਾ ਭਟਕਣ ਮੁੱਕ ਜਾਂਦੀ ਹੈ । ਗੁਰਬਾਣੀ ਇਨ੍ਹਾਂ ਭੇਖੀਆਂ ਦਵਾਰਾ ਫੈਲਾਏ ਕੂੜ ਕਰਮ ਦੇ ਵਿਸ਼ਾਲ ਜਾਲ ਵਿਚ ਫਾਥੀ ਮਨੁੱਖ ਜਾਤੀ ਲਈ ਤਰਿਪਤੀ ਦਾ ਸੋਮਾ ਹੈ । ਇੱਥੇ ਸਰਬ ਸ਼ੰਕੇ ਨਿਵਰਿਤ ਹੁੰਦੇ ਹਨ । ਥਿੱਤਾਂ ਵਾਂਗ, ਘੜੀਆਂ ਦੇ ਸ਼ੁੱਭ ਅਸ਼ੁੱਭ ਖਿਣ ਪਲ ਮਨੁੱਖ ਨੂੰ ਹਰ ਵੇਲੇ ਠੂੰਹੇ ਬਣ ਡੰਗ ਮਾਰਦੇ ਰਹਿੰਦੇ ਹਨ । ਪਰਮਾਤਮਾਂ ਦੇ ਕੌਤਕਾਂ ਦੇ ਠੇਕੇਦਾਰ ਕਈ ਪ੍ਰਕਾਰ ਦੇ ਯਤਨ ਦੇ ਉਪਾਅ ਦੱਸਕੇ ਆਪਣੇ ਖੀਸੇ ਭਰਕੇ ਮਨੁੱਖ ਨੂੰ ਹੋਰ ਦੁਵਿਧਾ ਵਿਚ ਪਾ ਦੇਂਦੇ ਹਨ । ਗੁਰੂ ਸਾਹਿਬ ਨੇ ਸਰਬ ਸਮੱਸਿਆਵਾਂ ਦਾ ਦਾਰੂ "ਨਾਮ" ਕਿਹਾ ਹੈ । ਨਾਮ ਦੀ ਵਡਿਆਈ ਹੈ ਕਿ ਉਹ ਸਾਰੇ ਭਰਮਾਂ ਦਾ ਨਾਸ ਕਰਦੀ ਹੈ -

"ਗੁਰ ਪ੍ਰਸਾਦ ਭਰਮ ਕਾ ਨਾਸ"

ਗੁਰੂ ਸਾਹਿਬਾਨ ਦੇ ਦਰਸਾਏ ਮਾਰਗ ਦੇ ਸਾਦੇ ਜਿਹੇ ਤਰੀਕੇ ਹਨ ਜੋ ਹਰ ਖੇਤਰ ਦਾ ਮਨੁੱਖ ਸੌਖੇ ਹੀ ਅਪਣਾ ਸਕਦਾ ਹੈ । ਮੁੱਢਲੇ ਸਵਾਲ ਕਿ ਹਰ ਸਾਸ ਉਸ ਕਰਤੇ ਦੀ ਸਿਫਤ ਸਾਲਾਹ ਵਿਚ ਚਿਤ ਜੋੜਨ ਅਤੇ ਸਵਾਸ ਸਵਾਸ ਵਾਹਿਗੁਰੂ ਕਿਉਂ ਜਾਪਿਆ ਜਾਵੇ? ਜਦ ਕਿ ਸੰਸਾਰ ਵਿਚ ਵਿਚਰਦਿਆਂ ਬਾਕੀ ਆਨੰਦ ਵੀ ਮਾਨਣ ਦਾ ਵੇਲਾ ਫੇਰ ਹੱਥ ਨਹੀਂ ਆਉਣਾ, ਅਜੇ ਸਾਡੇ ਸਾਹਮਣੇ ਉਂਜੇ ਹੀ ਖਲੋਤਾ ਹੋਇਆ ਹੈ । ਇੱਥੇ ਇੱਕ ਹੋਰ ਗੱਲ ਦਾ ਇਸ਼ਾਰਾ ਦੇਣਾ ਵੀ ਜ਼ਰੂਰੀ ਹੈ । ਆਖਦੇ ਨੇ ਪ੍ਰਮਾਤਮਾ ਸਰਬ ਵਿਆਪੀ ਅਤੇ ਹਰ ਕਣ ਕਣ ਵਿਚ ਵਿਦਮਾਨ ਹੈ । ਚੰਗੇ ਮੰਦੇ ਸਾਰੇ ਕਰਮਾਂ ਦੇ ਪਿੱਛੇ ਉਹ ਸਰਬ ਸ਼ਕਤੀਮਾਨ ਆਪ ਖਲੋਤਾ ਹੁੰਦਾ ਹੈ । ਇਸ ਮੁੱਢਲੀ ਗੱਲ ਨੂੰ ਉਹ ਸਦਾ ਚੇਤੇ ਰੱਖਦਿਆਂ ਅਗਲੀਆਂ

**ਅਨਮੋਲ ਬਚਨ**

*ਦੋਸਤ ਦਾ ਮਿਲਣ ਸਮੇਂ ਆਦਰ, ਪਿੱਠ ਪਿੱਛੇ ਪ੍ਰਸ਼ੰਸਾ ਤੇ ਲੋੜ ਸਮੇਂ ਸਹਾਇਤਾ ਕਰੋ ।*

**ਅਰਸਤੂ**

**ਅਨਮੋਲ ਬਚਨ**

*ਦੂਸਰਿਆਂ ਦੀਆਂ ਸਿਫਤਾਂ ਤੇ ਆਪਣੇ ਔਗੁਣਾ ਦਾ ਸਦਾ ਧਿਆਨ ਰਖੋ !*

**ਗੋਖਲੇ**

ਪੰਕਤੀਆਂ ਦੀ ਘੋਖ, ਉਸ ਸਰਬ ਵਿਆਪੀ ਕਰਤੇ ਦੇ ਕੌਤਕ ਸਮਝਾਉਣ ਵਿਚ ਸਹਾਈ ਹੋ ਸਕਦੀ ਹੈ । ਚੰਗੇ ਕਰਮ ਕੀ ਹਨ ? ਮੰਦੇ ਕਾਰਜ ਕੀ ਨੇ ? ਇਹ ਵਕਤ ਅਤੇ ਸਮੇਂ ਦੇ ਸਮਾਜ ਦੀ ਬਨਾਵਟ ਨਾਲ ਥਾਂ ਬਦਲ ਸਕਦੇ ਹਨ । ਕਿਸੇ ਕਿੱਤੇ ਲਈ ਇਕ ਕਰਮ ਸਵਾਬ ਹੈ ਤਾਂ ਦੂਜੇ ਲਈ ਘੋਰ ਪਾਪ । ਪਰਮਾਤਮਾ ਦੀ ਮੌਜੂਦਗੀ ਤੋਂ ਬਾਹਰ ਮਨੁੱਖ ਮਾਤਰ ਮੁਨਕਰ ਨਹੀਂ ਹੈ । ਇਸ ਲਈ ਹਰ ਮਨੁੱਖ ਦੇ ਅੰਦਰ ਦੀ ਮਿੰਨੀ ਬ੍ਰਹਿਮੰਡ ਵੀ ਉਸ ਸੂਖਮਤਾ ਵਿਚ ਉਸ ਵਾਹਿਗੁਰੂ ਦੀ ਜੋਤ ਨੂੰ ਜਾਗਰਿਤ ਰੱਖਦਾ ਹੈ । ਉਸ ਮਿੰਨੀ ਬ੍ਰਹਿਮੰਡ ਵਿਚ ਵੀ ਉਹੋ ਕੁਝ ਵਾਪਰਦੈ ਜੋ ਵਿਸ਼ਾਲ ਬ੍ਰਹਿਮੰਡ ਵਿਚ ਹੁੰਦੈ । ਭਾਵ ਮਨੁੱਖ ਦੀ ਹਰ ਕਿਰਿਆ ਕੁਦਰਤ ਦੇ ਘੜੇ ਅਸੂਲਾਂ ਦੁਵਾਰਾ ਸੰਚਾਰਿਤ ਹੁੰਦੀ ਹੈ । ਆਪਣੇ ਘਟ ਦੇ ਕਣ ਕਣ ਵਿਚ ਵਿਦਮਾਨ ਸਰਬ ਸ਼ਕਤੀਮਾਨ ਜੋਤ ਦੀ ਬਰੀਕ ਕਿਰਨ ਨੂੰ ਆਪਣੀ ਅੰਤਰ ਆਤਮਾਂ ਦੀ ਤੀਵਰ ਨਜ਼ਰ ਨਾਲ ਪ੍ਰਤੱਖ ਦਰਸ਼ਨਾਂ ਰਾਹੀਂ ਜਜ਼ਬ ਕਰ ਲੈਣ ਨੂੰ ਹੀ ਪਰਮਾਤਮਾਂ ਦੀ ਕਿਰਪਾ ਪ੍ਰਾਪਤ ਕਰਨ ਨਾਲ ਤੋਲਿਆ ਜਾ ਸਕਦੈ । ਇਸ ਅਵਸਥਾ ਵਿਚ ਬਾਕੀ ਸਭ ਕੁਝ ਪਿਛੋਕੜ ਵਿਚ ਛੁਪ ਜਾਂਦਾ ਹੈ । ਇਹ ਆਨੰਦ ਬੁੱਲਾਂ ਨੂੰ ਫਰਕਾਂਦਾ ਸੁਰਤੀ ਪਾਸੋਂ ਉਸਤਤੀ ਕਰਵਾਂਦਾ ਨਾਮ ਜਪਨ ਲੱਗ ਪੈਂਦਾ ਹੈ । ਪਰਮਾਤਮਾ ਦਾ ਨਾਮ ਕਿਸੇ ਆਸ਼ੇ, ਉਦੇਸ਼, ਲਾਲਚ, ਉਮੀਦ ਜਾਂ ਦਬਾਅ ਹੇਠ ਲਿਆ, ਨਾਮ ਨਹੀਂ ਰਹਿ ਜਾਂਦਾ । ਉਹ ਇਕ ਸੌਦਾ ਕਰਦਾ ਹੈ ਮਨੁੱਖ ਜੋ ਕਰਤਾ ਆਪਣੀ ਵਿਸ਼ਾਲਤਾ ਵਿਚ ਸਮੇਟ ਲੈਂਦਾ ਹੈ । ਇਸ ਵਿਚ ਜੇ ਕਿਸੇ ਦੀ ਅਰਦਾਸ ਪੂਰੀ ਹੋ ਜਾਂਦੀ ਹੈ ਤਾਂ ਇਹ ਵੀ ਉਸ ਦਾਤੇ ਦੀ ਵਡਿਆਈ ਕਾਰਨ ਹੈ । ਪਰੰਤੂ ਜਿਹੜੀਆਂ ਰੂਹਾਂ ਉਸ ਮਹਾਨ ਸਰਬ ਸ਼ਕਤੀਮਾਨ ਦੇ ਵਿਸ਼ਾਲ ਸਵਰੂਪ ਵਿਚ ਲੀਨ ਹੋ ਜਾਂਦੀਆਂ ਨੇ ਉਹਨਾਂ ਦੀਆਂ ਸਾਰੀਆਂ ਜ਼ਰੂਰਤਾਂ ਮੁੱਕ ਗਈਆਂ ਹੁੰਦੀਆਂ ਹਨ । ਆਮ ਸੰਸਾਰੀ ਮਨੁੱਖ ਨੂੰ ਵਾਰ ਵਾਰ ਨਾਮ ਦਾ ਚੇਤਾ ਕਰਵਾਉਣ ਦੇ ਯਤਨ ਉਸ ਦੇ ਖੁੰਡੇ ਹੋਏ ਹਥਿਆਰ ਨੂੰ ਧਾਰ ਲਗਾਉਣ ਦਾ ਜਤਨ ਹਨ । ਸਾਸ ਸਾਸ ਸਿਮਰਨ ਦੇ ਨਾਲ ਹੱਥਾਂ ਪੈਰਾਂ ਤੋਂ ਕੰਮ ਲੈਣ ਦੀ ਗੱਲ ਵੀ ਕਹੀ ਗਈ ਹੈ ।

"ਹਾਥ ਪਾਉ ਕਰ ਕਾਮ ਸਭ
ਚੀਤ ਨਰਿੰਜਨ ਨਾਲ"

ਏਸੇ ਹੀ ਆਸ਼ੇ ਦੀ ਗੱਲ ਭਗਵਾਨ ਕ੍ਰਿਸ਼ਨ ਦਵਾਰਾ ਰਚਿਤ ਗੀਤਾ ਵਿਚ ਕਰਮ ਦੀ ਮਹਾਨਤਾ ਵਿਚ ਵੀ ਦਰਸਾਈ ਗਈ ਹੈ । ਕਰਮ ਕਰੇ ਪਰ ਫਲ ਦੀ ਇੱਛਾ ਨਾ ਕਰੇ । ਇਹ ਕੰਮ ਔਖਾ ਹੈ । ਮਨੁੱਖ ਨਾਮ ਜਪਦਾ ਹੈ, ਕਰਤੇ ਵਿਚ ਲੀਨ ਹੋ ਕੇ ਸਰਬ ਸ਼ਕਤੀਮਾਨ ਵਿਚ ਗਵਾਚ ਜਾਣ ਅਤੇ ਬਾਕੀ ਮਨੁੱਖ ਜਾਤੀ ਲਈ ਸੇਵਾ ਦਾ ਕਾਰਨ ਬਣਨ ਲਈ । ਮਨੁੱਖ ਜੇ ਇਸ ਮਾਰਗ ਤੇ ਚਲਦਾ ਹੈ ਤਾਂ ਫਲ ਉਸ ਦੀ ਵਿਚਾਰਧਾਰਾ ਵਿਚ ਪ੍ਰਥਮ ਹੁੰਦੈ । ਉਸਦਾ ਤਿਆਗ ਕਰਨਾ ਔਖਾ ਹੈ ਪਰ ਨਾਮੁਮਕਿਨ ਨਹੀਂ । ਬਿਨਾਂ ਕਿਸੇ ਫਲ ਦੀ ਇੱਛਾ ਕੀਤੇ ਕਰਮ ਕਰੀ ਜਾਣਾ, ਭਲੀ ਕਰੀ ਜਾਣਾ, ਨਿਰਵੈਰ ਤੇ ਨਿਰਮੋਹਿਆ ਹੋਣਾ, ਵਾਹਿਗੁਰੂ ਦੇ ਗੁਣਾਂ ਨਾਲ ਰਲਦੇ ਮਿਲਦੇ ਰੰਗ ਹਨ । ਇਹ ਰੰਗ ਕਿਸੇ ਵਿਰਲੇ ਤੇ ਹੀ ਚੜ੍ਹਦੇ ਹਨ । ਪਰ ਆਮ ਮਨੁੱਖ ਜੇ ਸਿਮਰਨ ਦੀ ਪਹਿਲੀ ਪਉੜੀ ਤੇ ਹੀ ਖਲੋਅ ਕੇ ਲੜ ਲਗ ਜਾਵੇ, ਤਾਂ ਬਹੁਤਾ ਅੰਧਕਾਰ ਮੁੱਕ ਜਾਵੇਗਾ । ਜਿਮੀ ਤੇ ਖਲੋਅ ਕੇ ਦਿੱਸਦੇ ਗੁਬਾਰ ਦੀ ਗਹਿਰਾਈ ਇਸ ਪਉੜੀ ਤੇ ਹਲਕੀ ਪੈ ਜਾਂਦੀ ਹੈ । ਸੰਸਾਰ ਦੇ ਘੁੱਪ ਹਨੇਰੇ, ਧੁੰਧ, ਹਨੇਰੀਆਂ ਹੋਰ ਕੁਝ ਨਹੀਂ ਬਸ ਇਕ ਭਰਮ ਦਾ ਪਰਦਾ ਹੈ ਜੋ ਸੂਝ ਦੇ ਝੱਪਿਆਂ ਨੇ ਮਨੁੱਖੀ ਸੋਚ ਦੇ ਆਸੇ ਪਾਸੇ ਲਾ ਕੇ ਰੱਖਿਆ ਹੋਇਆ ਹੈ । ਨੀਝ ਸਿੱਧੀ ਕਰਕੇ "ਏਕੋ

### ਅਨਮੋਲ ਬਚਨ

*ਸੰਕਟ ਤੇ ਮੁਸ਼ਕਲਾਂ ਜ਼ਿੰਦਗੀ ਦੀਆਂ ਉਸਤਾਦ ਹਨ, ਇਹਨਾਂ ਬਿਨਾਂ ਤੁਸੀਂ ਕੁਝ ਵੀ ਠੀਕ ਤਰ੍ਹਾਂ ਨਹੀਂ ਸਿਖ ਸਕਦੇ ।*

ਬਰਕ

### ਅਨਮੋਲ ਬਚਨ

*ਲਖਪਤੀ ਹੋਣ ਨਾਲੋਂ ਮੈਨੂੰ ਮੁਸਕਰਾਂਦੇ ਰਹਿਣਾ ਜ਼ਿਆਦਾ ਕੀਮਤੀ ਜਾਪਦਾ ਹੈ ।*

ਹਿਊਮ

ਜਪ ਏਕੋ ਸਾਲਾਹਿ" ਦੀ ਮੁਹਾਰਨੀ ਰਟਨ ਕਰਕੇ ਇਹ ਭਰਮ ਪਰਦੇ ਲਹਿ ਜਾਂਦੇ ਹਨ ।

ਅਸੀਂ ਆਪ ਕੁਝ ਵੀ ਨਹੀਂ । ਸਾਡੀ ਹੋਂਦ ਆਪਣੀ ਨਹੀਂ । ਸਾਡਾ ਜਨਮ, ਵਿਚਰਨ, ਮਰਨ ਆਪਣੇ ਵੱਸ ਨਹੀਂ । ਅਸਾਡੇ ਵਰਗੀਆਂ ਅਰਬਾਂ ਖਰਬਾਂ ਜਿੰਦਾਂ ਦਾ ਜੀਉਣਾ ਮਰਨਾ ਉਹਨਾਂ ਦੇ ਆਪਣੇ ਵੱਸ ਨਹੀਂ । ਇਹ ਮਹਾਨ ਅਖਾੜੇ ਵਿਚ ਕਰੋੜਾਂ ਦੰਗਲ ਹੋ ਚੁੱਕੇ ਹਨ । ਅਰਬਾਂ ਖਰਬਾਂ ਜੇਤੂ ਅਤੇ ਹਾਰੇ ਪ੍ਰਾਣੀ ਆਏ ਹਨ ਤੇ ਚਲੇ ਗਏ ਹਨ । ਕੋਈ ਵਿਰਲਾ ਸਮੇਂ ਦੀ ਲੰਮੀ ਸਾਰੀ ਪੱਟੀ ਤੇ ਸਦੀਵੀ ਚਮਕਦਾ ਨਾਮ ਛੱਡ ਗਿਆ ਹੈ । ਸਮਾਂ ਆਸ ਪਾਸ ਦੀਆਂ ਕਰੋੜਾਂ ਕ੍ਰੀੜਾਵਾਂ (ਖੇਡਾਂ) ਵਿਚ ਹਾਰ ਜਿੱਤ ਕਰਾਂਦਾ ਆਇਆ ਹੈ । ਮੁਕਤੀ ਕੀ ਹੈ ? ਕਿਸਨੂੰ ਪ੍ਰਾਪਤ ਹੁੰਦੀ ਹੈ ਅਤੇ ਕਿਵੇਂ ਹੁੰਦੀ ਹੈ ? ਇਹ ਵਿਸ਼ੇ ਅਸੀਂ ਫੇਰ ਵਿਚਾਰਾਂਗੇ । ਪ੍ਰੰਤੂ ਇਨ੍ਹਾਂ ਖੇਡਾਂ ਨੂੰ ਖੇਡਣ ਵਾਲੇ ਖਿਡਾਰੀਆਂ ਦੇ ਮੰਤਵ ਅਤੇ ਆਸ਼ੇ (Aspirations) ਕੇਵਲ ਆ ਕੇ ਹਿੱਸਾ ਲੈਣ ਤੱਕ ਹੀ ਸੀਮਤ ਨਹੀਂ ਹਨ । ਜੀਵਨ ਵਿਚ ਹਰ ਪ੍ਰਾਣੀ ਕੁਝ ਕਰਨਾ ਚਾਹੁੰਦਾ ਹੈ । ਹਰ ਇਕ ਕੁਝ ਬਣਨਾ ਅਤੇ ਹਾਸਲ ਕਰਨਾ ਚਾਹੁੰਦਾ ਹੈ ਕੀ ਸੰਸਾਰ ਵਿਚ ਆਏ ਸਾਰੇ ਮਨੁੱਖਾਂ ਨੂੰ ਆਪਣੇ ਮਿੱਠੇ ਹੋਏ ਨਿਸ਼ਾਨੇ ਪ੍ਰਾਪਤ ਹੋ ਜਾਂਦੇ ਨੇ । ਬਹੁਤੀਆਂ ਹਸਤੀਆਂ ਤਾਂ ਹਾਲਾਤ ਦੇ ਥਪੇੜੇ ਖਾਂਦੀਆਂ ਅਚਾਨਕ ਕਿਸੇ ਕਿਨਾਰੇ ਆਣ ਲੱਗਦੀਆਂ ਹਨ । ਇਸ ਖੇਡ ਵਿਚ ਜੇਤੂ ਉਹ ਹੈ ਜਿਸ ਨੇ ਇਸ ਵਿਸ਼ਾਲ ਖੇਡ ਦੇ ਨਿਯਮਾਂ ਨੂੰ ਚੰਗੀ ਤਰ੍ਹਾਂ ਸਮਝ ਲਿਆ ਹੈ । ਇੱਥੇ ਜਿਸ ਜਿਸ ਨੇ ਤਿਆਗਿਆ ਹੈ ਉਸਨੇ ਹੀ ਪ੍ਰਾਪਤ ਕੀਤਾ ਹੈ । ਇਹ ਉਹ ਖੇਡ ਹੈ ਜਿਸ ਵਿਚ ਹਾਰ ਨੂੰ ਚੁੰਮਕੇ ਸਵੀਕਾਰ ਕਰਨ ਵਾਲਾ ਜੇਤੂ ਹੋਇਆ ਹੈ । "ਤਿਆਗਨਾ-ਤਿਆਗਨ ਨੀਕਾ- ਕਾਮ ਕ੍ਰੋਧ ਲੋਭ ਤਿਆਗਨਾ ।" ਇੱਥੇ ਦੂਜੇ ਨਾਲ ਵੰਡ ਕੇ ਛਕਣ ਦੀ ਗੱਲ ਕਰਨੀ ਪੈਂਦੀ ਹੈ । ਇੱਥੇ ਦਸਾਂ ਨਹੁੰਆਂ ਦੀ ਸੁੱਚੀ ਕਿਰਤ ਕਮਾਈ ਚੋਂ ਦਸਵੰਧ ਜ਼ਰੂਰਤਮੰਦਾਂ ਲਈ ਕੱਢਣ ਵਿਚ ਜਿੱਤ ਦਰਸਾਈ ਗਈ ਹੈ । ਇੱਥੇ ਆਪਣੇ ਅੰਦਰ ਆਈ ਹਉਮੈ ਨੂੰ ਮਾਰ ਲੈਣ ਵਿਚ ਮਾਣ ਹੁੰਦਿਆਂ ਨਿਮਾਣ ਬਣਨ ਵਿਚ ਅਤੇ "ਰਿਦੈ ਗਰੀਬੀ ਆਵੈ" ਦੀ ਗੱਲ ਕੀਤੀ ਜਾਂਦੀ ਹੈ ।

ਮਨੁੱਖ ਮਾਤਰ ਦੀ ਸਾਰੀ ਸੁੱਚੜੀ ਕਮਾਈ ਵਿਚ ਗੁਰੂ ਦੀ ਸੁਮੱਤ ਦਾ ਉਤਮ ਯੋਗਦਾਨ ਹੈ । ਸੰਸਾਰ ਵਿਚ ਜੋ ਵੀ ਉਸਾਰੂ ਕੰਮ ਹੋਇਆ ਹੈ ਉਸ ਵਿਚ ਗੁਰੂ ਘਰ ਦੀ ਸਿੱਖਿਆ ਦਾ ਸਰੂਪ ਖਿੜਿਆ ਹੋਇਆ ਹੈ । ਕੁਦਰਤ ਤੇ ਕਾਦਰ ਦੇ ਪੱਕੇ ਸੰਬੰਧ ਮਨੁੱਖ ਅਤੇ ਬਾਕੀ ਜੀਵਾਂ ਲਈ ਰਲ ਮਿਲਕੇ ਰਹਿਣ ਦੇ ਅਲੌਕਿਕ ਅਸੂਲਾਂ ਨਾਲ ਜੋੜਦੇ ਗੁਰੂ ਨਾਨਕ ਦੇ ਰਹਿਨੁਮਾਈ ਬੋਲ ਜਗਤ ਜਲੰਦੇ ਤੇ ਅੰਮ੍ਰਿਤ ਵਰਖਾ ਕਰਦੇ ਹਨ । ਅੱਜ ਸੰਸਾਰ ਸਿੱਖ ਮਤ ਵਲ ਉਚੇਚੀਆਂ ਨਜ਼ਰਾਂ ਨਾਲ ਤੱਕ ਰਿਹਾ ਹੈ । ਸੰਸਾਰ ਦੀ ਭਟਕਣ, ਵਿਸ਼ੇ ਵਿਕਾਰਾਂ ਵਿਚ ਤੜਫਦੀ ਮਨੁੱਖਤਾ, ਤਰਾਹ ਤਰਾਹ ਕਰਦੀ ਜੀਆ ਜੰਤ ਦੀ ਨਫਰੀ ਅਤੇ ਸਹਿਮੀ ਹੋਈ ਚਿੰਤਿਤ ਧਰਤੀ ਮਾਈ ਨੂੰ ਗੁਰੂ ਨਾਨਕ ਦੇ ਉਪਦੇਸ਼ਾਂ ਦੀਆਂ ਸਦੀਵੀ ਰੋਸ਼ਨ ਕਿਰਨਾਂ ਵੱਲ ਲੱਗੀ ਨਜ਼ਰ, ਸਭਨਾਂ ਨੂੰ ਲੋੜ ਹੈ ਉਸ ਮਹਾਨ ਵਿਚਾਰਧਾਰਾ ਦੀ । ਆਓ ਗੁਰੂ ਨਾਨਕ ਨਾਮ ਲੇਵਾ ਗੁਰੂ ਸਿੱਖੋ, ਆਪਣੀ ਕਰਨੀ ਨਾਲ ਗੁਰੂ ਨਾਮ ਨੂੰ ਸਰਬ ਆਕਾਸ਼ਾਂ ਸਮੁੰਦਰਾਂ ਤੇ ਧਰਤੀਆਂ ਤੇ ਸੂਰਜ ਕਿਰਨਾਂ ਬਣ ਕੇ ਫੈਲਾ ਦਿਓ । ਫੇਰ ਸਾਰੇ ਸੰਸਾਰ ਵਿਚ ਅਤੇ "ਜਲਤੀ ਪ੍ਰਿਥਮੀ ਦਿਸ ਆਈ" ਉਤੇ ਸਦੀਵੀ ਸ਼ਾਂਤੀ ਅਤੇ ਠੰਡੀ ਹਵਾ ਦਾ ਚਵਰ ਝੁੱਲੇਗਾ ।

---

### ਅਨਮੋਲ ਬਚਨ

*ਆਪਣੀ ਗਲਤੀ ਨੂੰ ਮੰਨ ਲੈਣਾ ਕੋਈ ਅਪਮਾਨ ਨਹੀਂ, ਪਰ ਉਸ ਨੂੰ ਦਰੁਸਤ ਨਾ ਕਰਨਾ ਭਾਰੀ ਅਪਮਾਨ ਵਾਲੀ ਗੱਲ ਹੈ ।*

*ਲਿੰਕਨ*

### ਅਨਮੋਲ ਬਚਨ

*ਜੀਵਨ ਸ਼ਕਤੀ ਦੇ ਤਿੰਨ ਸੋਮੇ ਹਨ – ਆਤਮ ਗਿਆਨ, ਆਤਮ-ਵਿਸ਼ਵਾਸ ਤੇ ਆਤਮ ਸੰਜਮ*

*ਟੈਨੀਸਨ*

# ਪ੍ਰਸ਼ਨਾਵਲੀ-4

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਸ ਮਹੀਨੇ ਦੇ ਵਿੱਚ ਵਿੱਚ ਸਾਨੂੰ ਭੇਜੋ ਤੇ ਇਨਾਮ ਵਜੋਂ ਪੁਸਤਕਾਂ/ਮੈਗਜ਼ੀਨ ਪ੍ਰਾਪਤ ਕਰੋ ।

1. ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਰਾਗਾਂ ਵਿਚੋਂ ਸਵੇਰੇ ਗਾਏ ਜਾਣ ਵਾਲੇ ਪੰਜ ਰਾਗਾਂ ਦੇ ਨਾਂ ਲਿਖੋ ?
2. ਆਸਾ ਦੀ ਵਾਰ ਨੂੰ ਕਿਹੜੀ ਧੁਨੀ ਤੇ ਗਾਉਣ ਦਾ ਆਦੇਸ਼ ਹੈ ?
3. ਸੱਤਾ-ਬਲਵੰਡ ਨੇ ਕਿਹੜੀ ਵਾਰ ਲਿਖੀ ?
4. ਅੰਮ੍ਰਿਤ ਕੀਰਤਨ ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਲਿਖੋ ।

**ਉੱਤਰ ਭੇਜਣ ਵੇਲੇ ਆਪਣਾ ਨਾਮ, ਪਤਾ, ਉਮਰ, ਰੁਚੀ, ਪੜ੍ਹਾਈ ਅਤੇ ਕੰਮ ਕਿਤੇ ਬਾਰੇ ਜ਼ਰੂਰ ਲਿਖੋ ।**

ਪਿਛਲੇ ਮਹੀਨੇ ਇਨਾਮ ਪ੍ਰਾਪਤ ਕਰਨ ਵਾਲਿਆਂ ਦੇ ਨਾਮ ਇਸ ਪ੍ਰਕਾਰ ਹਨ

1. ਸ੍ਰ. ਹਰਬੰਸ ਸਿੰਘ
   26-A ਕ੍ਰਿਸ਼ਨਾ ਨਗਰ
   ਆਲਮ ਬਾਗ, ਲਖਨਊ
2. ਭਾਈ ਅਵਤਾਰ ਸਿੰਘ
   ਗੁ: ਬਾਬਾ ਅਜਾਪਾਲ ਸਿੰਘ
   ਨਾਭਾ, ਜ਼ਿਲਾ ਪਟਿਆਲਾ
3. ਪ੍ਰੋ. ਨਵਸੰਗੀਤ ਸਿੰਘ
   5156, ਅਰਬਨ ਅਸਟੇਟ-II
   ਪਟਿਆਲਾ
4. ਹਰਿਜਸ ਜੀਤ ਕੌਰ
   ਜੀ.ਐਚ.ਜੀ. ਪਬਲਿਕ ਸਕੂਲ
   ਸਿਧਵਾਂ ਖੁਰਦ, ਲੁਧਿਆਣਾ

## ਭੁਲ ਦੀ ਸੋਧ

*ਪਿਛਲੇ ਅੰਕ ਵਿੱਚ ਪ੍ਰਕਾਸ਼ਿਤ ਰਾਗੀ ਭਾਈ ਅਵਤਾਰ ਸਿੰਘ ਜੀ ਦੀ ਇੰਟਰਵੀਊ ਪ੍ਰਕਾਸ਼ਿਤ ਹੋਈ ਸੀ । ਜਿਸ ਵਿੱਚ ਛਪਾਈ ਦੇ ਤਕਨੀਕੀ ਕਾਰਨਾਂ ਕਾਰਨ ਕੁਝ ਨਾਂ ਰਹਿ ਗਏ ਸਨ । ਰਾਗੀ ਭਾਈ ਅਵਤਾਰ ਸਿੰਘ ਜੀ ਨਾਲ ਇਹ ਮੁਲਾਕਾਤ ਭਾਈ ਚਰਨਜੀਤ ਸਿੰਘ ਜੀ ਨੇ ਕੀਤੀ ਸੀ । ਕੁਝ ਤੱਥ ਜੋ ਛਪਣੋਂ ਰਹਿ ਗਏ ਸਨ ਉਹ ਇਉਂ ਹਨ । ਭਾਈ ਅਵਤਾਰ ਸਿੰਘ ਜੀ ਨੇ ਸਮੇਂ ਸਮੇਂ ਮਾਸਟਰ ਰਣਜੀਤ ਸਿੰਘ ਅਤੇ ਪ੍ਰੋ. ਮੰਗਤ ਸਿੰਘ ਮਸਤਾਨਾ ਜੀ ਪਾਸੋਂ ਉਸਤਾਦ ਰੂਪ ਵਿੱਚ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ । ਪ੍ਰੈਸ ਦੀ ਇਸ ਗਲਤੀ ਦਾ ਸਾਨੂੰ ਅਫਸੋਸ ਹੈ ।*

**-ਸੰਪਾਦਕ**

## ਲੇਖਕਾਂ ਪ੍ਰਤੀ ਬੇਨਤੀ

*'ਅੰਮ੍ਰਿਤ ਕੀਰਤਨ' ਵਿੱਚ ਛਪਣ ਹਿਤ ਲੇਖ ਭੇਜਣ ਵਾਲੇ ਸੱਜਣਾਂ ਦੀ ਸੇਵਾ ਵਿੱਚ ਬੇਨਤੀ ਹੈ ਕਿ ਲੇਖ ਵਿੱਚ ਅੰਮ੍ਰਿਤ ਗੁਰਬਾਣੀ ਦੀਆਂ ਲਗਾਂ ਮਾਤ੍ਰਾ ਆਦਿ ਨੂੰ ਸੋਧ ਕੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੰਨਾ ਨੰਬਰ ਲਿਖ ਕੇ ਭੇਜਣ ਦੀ ਕਿਰਪਾਲਤਾ ਕੀਤਾ ਕਰਨ ।*

**-ਸੰਪਾਦਕ**

# ਕੀਰਤਨ ਕਲਾਸਾਂ

ਹੇਠ ਲਿਖੇ ਸਥਾਨਾਂ ਤੇ ਕੀਰਤਨ ਕਲਾਸਾਂ ਲਗਾਈਆਂ ਜਾਂਦੀਆਂ ਹਨ । ਚਾਹਵਾਨ ਵਿਅਕਤੀ ਸੰਪਰਕ ਕਰਕੇ ਲਾਭ ਉਠਾ ਸਕਦੇ ਹਨ ।

**ਗੁਰਦੁਆਰਾ ਸਾਹਿਬ,**
ਸੈਕਟਰ 34, ਚੰਡੀਗੜ੍ਹ

**ਗੁਰੂ ਨਾਨਕ ਬਾਲ ਆਸ਼ਰਮ,**
ਨੇੜੇ ਰਾਮਗੜ੍ਹੀਆ ਭਵਨ,
ਸੈਕਟਰ 27, ਚੰਡੀਗੜ੍ਹ

**ਉਜਲ ਸਿੰਘ ਮਦਾਨ,**
1470, ਸੈਕਟਰ 43-ਬੀ, ਚੰਡੀਗੜ੍ਹ

**ਗੁਰਦੁਆਰਾ ਸਾਚਾ ਧੰਨ,**
ਫੇਜ਼-3-ਬ-1, ਮੋਹਾਲੀ

**ਗਿ : ਕਸ਼ਮੀਰ ਸਿੰਘ,**
1612 ਫੇਜ਼-7, ਮੋਹਾਲੀ

**ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ**
ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ,
ਮਾਡਲ ਟਾਊਨ ਐਕਸਟੇਨਸ਼ਨ, ਲੁਧਿਆਣਾ

**ਗੁਰਦੁਆਰਾ ਗੁਰ ਗਿਆਨ ਪ੍ਰਕਾਸ਼**
ਜਵੱਦੀ ਕਲਾ, ਲੁਧਿਆਣਾ

**ਸੰਗੀਤ ਭਾਰਤੀ,**
99 ਬੀ.ਸ਼ਾਸਤਰੀ ਨਗਰ, ਲੁਧਿਆਣਾ

**ਪੰਜਾਬ ਸਿੰਧ ਬੈਂਕ ਕੀਰਤਨ ਅਕੈਡਮੀ,**
ਗਰੀਨ ਪਾਰਕ, ਜਲੰਧਰ

**ਬਾਵਰਾ ਮਿਊਜ਼ਿਕ ਕਾਲਜ,**
20, (ਗੁਰੂ ਨਾਨਕ ਨਗਰ) (ਮਾਡਲ ਟਾਊਨ), ਜਲੰਧਰ

**ਫਾਈਵ ਸਟਾਰ ਸੰਗੀਤ ਸਭਾ,**
276-ਆਰ ਮਾਡਲ ਟਾਊਨ, ਜਲੰਧਰ

**ਸਿੱਖ ਮਿਸ਼ਨਰੀ ਕਾਲਜ (ਰਜਿ:)**
ਡਬਲਯੂ.ਜੀ. 578, ਸੂਰਜ ਗੰਜ, ਜਲੰਧਰ

**ਭਾਈ ਵੀਰ ਸਿੰਘ ਹਾਲ,**
ਲਾਰੰਸ ਰੋਡ, ਅੰਮ੍ਰਿਤਸਰ

**ਹੰਸਪਾਲ ਗੁਰਬਾਣੀ ਸੰਗੀਤ ਅਕੈਡਮੀ**
232 ਈਸਟ ਮੋਹਨ ਨਗਰ, ਅੰਮ੍ਰਿਤਸਰ

**ਸਚਦੇਵਾ ਸੰਗੀਤ ਅਕੈਡਮੀ,**
ਗੁਰਦੁਆਰਾ ਰੋਡ, ਮਲੋਟ

**ਮਸਤਾਨਾ ਮਿਊਜਿਕ ਅਕੈਡਮੀ,**
ਮਲੋਟ

**ਗੁਰਦੁਆਰਾ ਦਸ਼ਮੇਸ਼ਗੜ੍ਹ,**
ਵੀਰੋਵਾਲ, ਜ਼ਿਲਾ: ਨਵਾਂ ਸ਼ਹਿਰ

**ਨੀਲਮ ਸੰਗੀਤ ਮੰਦਰ,**
ਪੰਡੋਰਾ ਮੁਹੱਲਾ, ਨਵਾਂ ਸ਼ਹਿਰ

**ਗੁਰਮਤਿ ਸੰਗੀਤ ਅਕੈਡਮੀ,**
ਨੇੜੇ ਬਸ ਅੱਡਾ, ਫਿਰੋਜ਼ਪੁਰ

**ਸ੍ਰੀ ਗੁਰੂ ਹਰਗੋਬਿੰਦ ਢਾਡੀ ਅਤੇ ਸੰਗੀਤ ਵਿਦਿਆਲਾ**
ਸਤਿਨਾਮਪੁਰਾ ਛਾਬੜਾ ਹਸਪਤਾਲ ਦੇ ਪਿਛੇ, ਫਗਵਾੜਾ

**ਜੀ. ਐਸ. ਸਰਦਾਰ,**
1,98 ਰਾਜਿੰਦਰਾ ਨਗਰ, ਨਵੀਂ ਦਿੱਲੀ

**ਗੁਰਮਤਿ ਵਿਦਿਆਲਾ**
ਗੁ: ਰਕਾਬ ਗੰਜ, ਨਵੀਂ ਦਿਲੀ

**ਗੁਰਬਾਣੀ ਸੰਗੀਤ ਅਕੈਡਮੀ,**
69/2 ਪਡਾਪੁਕਾਰ ਰੋਡ, ਕਲੱਕਤਾ

# ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ

### ਕਬਿੱਤ ਭਾਈ ਗੁਰਦਾਸ ਜੀ

**ਦ੍ਰੋਪਤੀ ਕੁਪੀਨ ਮਾਤ੍ਰ ਦਈ ਜਉ ਮੁਨੀਸਰਹਿ,**
**ਤਾਂਤੇ ਸਭਾ ਮਧਿ ਬਹਿਓ ਬਸਕ ਪ੍ਰਵਾਹ ਜੀ ।**
**ਤਨਕ ਤੰਦੁਲ ਜਗਦੀਸਹਿ ਦਏ ਸੁਦਾਮੇ,**
**ਤਾਂਤੇ ਪਾਏ ਚਤੁਰ ਪਦਾਰਥ ਅਥਾਹ ਜੀ ।**
**ਦੁਖਤ ਗਜਿੰਦ ਅਰਬਿੰਦ ਗਹਿ ਭੇਟ ਰਾਖੈ,**
**ਤਾਕੈ ਕਾਜੈ ਚਕ੍ਰਪਾਨ ਆਨਿ ਗ੍ਰਸੇ ਗ੍ਰਾਹ ਜੀ ।**
**ਕਹਾ ਕੋਊ ਕਰੈ, ਕਛੂ ਹੋਤ ਨਾ ਕਾਹੂ ਕੇ ਕੀਏ,**
**ਜਾਂਕੀ ਪ੍ਰਭ ਮਾਨ ਲੈਹਿ, ਸਭੈ ਸੁਖ ਤਾ ਜੀ ।435।**

**ਅਰਥ** : ਜੇਕਰ ਦਰੋਪਤੀ ਨੇ ਕੇਵਲ ਇਕ ਲੰਗੋਟੀ ਦੁਰਬਾਸਾ ਮੁਨੀ ਨੂੰ ਦਿਤੀ, ਉਸੇ ਕਰਕੇ (ਕੈਰਵਾਂ ਦੀ) ਸਭਾ ਵਿਚ (ਦਰੋਪਤੀ ਦਾ ਪੜਦਾ ਢਕਣ ਲਈ) ਕਪੜੇ ਦੇ ਪ੍ਰਵਾਹ ਵਗ ਤੁਰਿਆ ਸੀ ।

ਕਥਾ- ਇਕ ਵਾਰੀ ਦੁਰਬਾਸਾ ਰਿਖੀ ਨਦੀ ਵਿਚ ਇਸ਼ਨਾਨ ਕਰ ਰਹੇ ਸਨ । ਪਾਣੀ ਦੇ ਤਿਖੇ ਵੇਗ ਨਾਲ ਕੁਪੀਨ ਖੁੱਲ੍ਹਕੇ ਪਾਣੀ ਵਿਚ ਰੁੜ ਗਈ ਨਦੀ ਦੇ ਕੰਢੇ ਉਤੇ ਦਰੋਪਤੀ ਬਾਲ ਉਮਰਾ ਵਿਚ ਸਹੇਲੀਆਂ ਨਾਲ ਸੈਰ ਕਰ ਰਹੀ ਸੀ, ਦੁਰਬਾਸਾ ਜੀ ਨੇ ਉਨ੍ਹਾਂ ਕੁੜੀਆਂ ਨੂੰ ਸੰਬੋਧਨ ਕਰਕੇ ਕਿਹਾ-ਪੁਤ੍ਰੀਓ ! ਮੇਰੀ ਕੁਪੀਨ ਪਾਣੀ ਵਿਚ ਰੁੜ ਗਈ ਹੈ, ਮੈਂ ਬਿਲਕੁਲ ਨੰਗਾ ਖੜਾ ਹਾਂ, ਨੰਗਾ ਹੋਣ ਦੇ ਕਾਰਨ ਮੈਂ ਪਾਣੀ ਤੋਂ ਬਾਹਰ ਨਹੀਂ ਨਿਕਲ ਸਕਦਾ, ਤੁਸੀਂ ਇਕ ਗਿੱਠ ਜਿੰਨਾਂ ਕਪੜਾ ਮੈਨੂੰ ਦਿਓ ਤਾਂਕਿ ਮੈਂ ਨੰਗੇਜ ਨੂੰ ਢਕ ਸਕਾਂ, ਉਸਦੀ ਗਲ ਸੁਣਕੇ ਦਰੋਪਤੀ ਨੇ ਆਪਣੀ ਚੁੰਨੀ ਨਾਲੋਂ ਲੀਰ ਪਾੜ ਕੇ ਰਿਖੀ ਵਲ ਸੁਟੀ, ਉਹ ਭੀ ਰੁੜ ਗਈ, ਇਸੇ ਤਰ੍ਹਾਂ ਕਰਦਿਆਂ ਕਰਦਿਆਂ ਸਾਰੀ ਚੁੰਨੀ ਹੀ ਪਾੜ ਪਾੜ ਕੇ ਸੁੱਟ ਦਿਤੀ, ਜਿਸ ਵਿਚੋਂ ਕੇਵਲ ਇਕ ਲੀਰ ਅੰਤ ਨੂੰ ਦੁਰਬਾਸਾ ਜੀ ਦੇ ਹੱਥ ਆਈ, ਜਿਸ ਨੂੰ ਲੰਗੋਟੀ ਵਾਂਗੂੰ ਬੰਨਕੇ ਦੁਰਬਾਸਾ ਜੀ ਪਾਣੀ ਤੋਂ ਬਾਹਰ ਨਿਕਲੇ ਤੇ ਆਕੇ ਕਿਹਾ, ਪੁਤ੍ਰੀ ਤੂੰ ਮੇਰਾ ਨੰਗ ਢਕਿਆ ਹੈ, ਪ੍ਰਮਾਤਮਾ ਤੇਰਾ ਨੰਗ ਢਕੇਗਾ ।

ਜਦ ਧਰਮ ਪੁੱਤਰ ਦੁਰਯੋਧਨ ਨਾਲ ਜੂਆ ਖੇਡਣ ਲੱਗਾ ਤਾਂ ਪੰਜਾਂ ਭਰਾਵਾਂ ਨੂੰ ਦਰੋਪਤੀ ਸਣੇ ਜੂਏ ਵਿਚ ਹਰਾ ਦਿਤਾ, ਉਸ ਵੇਲੇ ਦੁਰਯੋਧਨ ਨੇ ਆਪਣੇ ਭਰਾ ਦੁਹਸਾਸਨ ਨੂੰ ਕਿਹਾ-ਪੰਜੇ ਪਾਂਡਵ ਮੇਰੇ ਗੋਲੇ ਹਨ ਤੇ ਪੰਜਾਂ ਦੀ ਬਾਂਦੀ ਨੇ ਮੈਨੂੰ ਅੰਨੇ ਦਾ ਅੰਨਾ ਕਿਹਾ ਸੀ । ਤੁਸੀਂ ਜਾਓ ਤੇ ਉਸਨੂੰ ਕੇਸਾਂ ਤੋਂ ਫੜਕੇ ਮੇਰੀ ਸਭਾ ਵਿਚ ਹਾਜ਼ਰ ਕਰੋ, ਜਦ ਦਰੋਪਤੀ ਆ ਗਈ ਤਾਂ ਫਿਰ ਕਿਹਾ, ਇਸ ਦੀ ਸਾੜੀ ਉਤਾਰਕੇ ਇਸਨੂੰ ਮੇਰੀ ਸਭਾ ਵਿਚ ਨੰਗਿਆਂ ਕਰ ਦਿਓ, ਮੈਂ ਵੇਖਦਾ ਹਾਂ ਜੋ ਇਸ ਨੂੰ ਹੁਣ ਕੌਣ ਛੁਡਾਏਗਾ, ਅੰਤ ਹੁਕਮ ਦੀ ਤਾਮੀਲ ਹੋਣੀ ਸ਼ੁਰੂ ਹੋ ਗਈ ਤੇ-

'ਕਪੜ ਕੋਟਿ ਉਸਾਰੀਅਨ ਥਕੇ ਦੂਤ ਨ ਪਾਰਵਸਾਂਦੀ ।। ਇਸ ਤਰ੍ਹਾਂ ਨਾਲ ਕੈਰਵ ਸਭਾ ਵਿਚ ਉਸਨੂੰ ਕੋਈ ਵੀ ਨੰਗਿਆਂ ਨਹੀਂ ਕਰ ਸਕਿਆ ਸੀ ।

ਸੁਦਾਮਾ ਜੀ ਨੇ ਥੋੜੇ ਜਿੰਨੇ ਚੋਲ ਭਗਵਾਨ ਕ੍ਰਿਸ਼ਨ ਜੀ ਨੂੰ ਦਿਤੇ ਸਨ, ਉਸ ਕਰਕੇ (ਉਸਨੇ) ਚਾਰ ਪਦਾਰਥ (ਏਨੇ) ਪਾਏ ਸਨ, (ਜਿੰਨਾ ਦੀ ਥਾਹ ਨਹੀਂ ਪਾਈ ਜਾਂਦੀ ਸੀ ।

ਦੁਖੀ ਹੋਏ ਗਜਰਾਜ ਨੇ (ਡੁਬਣ ਦੇ ਵੇਲੇ, ਤਲਾਉ ਵਿਚੋਂ) ਕਮਲ ਪੁਲ ਫੜਕੇ (ਪ੍ਰਭੂ ਅਗੇ) ਭੇਟਾ ਰੱਖੀ ਸੀ, ਉਸ ਦੇ ਕਾਰਜ ਲਈ [ਚਕਰਪਾਨਿ] ਵਿਸ਼ਨੂੰ ਭਗਵਾਨ ਜੀ ਨੇ ਆਣਕੇ ਗਾਂਰਹ ਦੀ (ਗ੍ਰਸੇ) ਫਾਹੀ ਤੋਂ (ਗਜਰਾਜ ਨੂੰ ਛੁਡਾ ਦਿੱਤਾ ਸੀ) ।

ਕੋਈ ਕੀ ਕਰੇ ? (ਕਿਉਂਕਿ) ਕਿਸੇ ਦੇ ਕੀਤਿਆਂ ਕੁਝ ਹੁੰਦਾ ਨਹੀਂ ਹੈ, ਜਿਸਦੀ ਪ੍ਰਭੂ ਮੰਨ ਲੈਂਦਾ ਹੈ, ਉਸੇ ਨੂੰ ਹੀ ਸਾਡੇ ਸੁਖ ਪ੍ਰਾਪਤ ਹੁੰਦੇ ਹਨ ।।੪੩੫।।

### ਫੁਨਹੇ ਮਹਲਾ ਪੰਜਵਾ

**ਚਾਤ੍ਰਿਕ ਚਿਤ ਸੁਚਿਤ ਸੁ ਸਾਜਨੁ ਚਾਹੀਐ ।।**
**ਜਿਸੁ ਸੰਗਿ ਲਾਗੇ ਪ੍ਰਾਣ ਤਿਸੈ ਕਉ ਆਹੀਐ ।।**
**ਬਨੁ ਬਨੁ ਫਿਰਤ ਉਦਾਸ ਬੂੰਦ ਜਲ ਕਾਰਣੇ ।।**
**ਹਰਿਹਾਂ ਤਿਉ ਹਰਿ ਜਨੁ ਮਾਂਗੈ ਨਾਮੁ ਨਾਨਕ ਬਲਿਹਾਰਣੇ ।। ੧੧।।**

**ਅਰਥ** : ਹੇ ਭਾਈ ! ਪਪੀਹੇ ਵਾਂਗ ਸੁਚੇਤ-ਚਿੱਤ ਹੋ ਕੇ ਉਸ ਸੱਜਣ-ਪ੍ਰਭੂ ਨੂੰ ਪਿਆਰ ਕਰਨਾ ਚਾਹੀਦਾ ਹੈ । ਜਿਸ ਸੱਜਣ ਨਾਲ ਜਿੰਦ ਦੀ ਪ੍ਰੀਤਿ ਬਣ ਜਾਏ, ਉਸ ਨੂੰ ਹੀ (ਮਿਲਣ ਦੀ) ਤਾਂਘ ਕਰਨੀ ਚਾਹੀਦੀ ਹੈ । (ਹੇ ਭਾਈ ! ਵੇਖ, ਪਪੀਹਾ ਵਰਖਾ ਦੇ) ਪਾਣੀ ਦੀ ਇਕ ਬੂੰਦ ਵਾਸਤੇ (ਦਰਿਆਵਾਂ ਟੋਭਿਆਂ ਦੇ ਪਾਣੀ ਵਲੋਂ) ਉਪਰਾਮ ਹੋ ਕੇ ਜੰਗਲ ਜੰਗਲ (ਢੂੰਡਦਾ) ਫਿਰਦਾ ਹੈ । ਹੇ ਨਾਨਕ ! (ਆਖ-ਜਿਹੜਾ) ਪ੍ਰਭੂ ਦਾ ਸੇਵਕ (ਪਪੀਹੇ ਵਾਂਗ ਪਰਮਾਤਮਾ ਦਾ ਨਾਮ) ਮੰਗਦਾ ਹੈ, ਮੈਂ ਉਸ ਤੋਂ ਕੁਰਬਾਨ ਜਾਂਦਾ ਹਾਂ ।੧੧।

ਸ੍ਰ. ਗਿਆਨ ਸਿੰਘ ਐਬਟਾਬਾਦ

# ਰਾਗ ਲਲਿਤ

ਵਾਦੀ—ਮ ਠਾਠ—ਪੂਰਵੀ ਸਮਾਂ—ਰਾਤ ਦਾ ਚੌਥ ਪਹਿਰ
ਸੰਵਾਦੀ—ਸ ਜਾਤ—ਸ਼ਾਡਵ-ਸ਼ਾਡਵ ਪਾ—ਵਰਜਿਤ, ਦੋਨੋ ਮੱਧਮ ਲਗਦੇ ਹਨ
ਪਕੜ—ਨੀ ਰੇ ਗ ਮ, ਧੁ ਮਂਧੁ ਮਂ ਮ ਗ ।
ਆਰੋਹ—ਨੀ ਰੇ ਗ ਮ, ਮਂ ਮ ਗ, ਮਂਧੁ ਸਂ ।
ਅਵਰੋਹ—ਰੇਂ ਨੀ ਧੁ, ਮਂਧੁ ਮਂ ਮ ਗ, ਰੇ ਸ ।

ਚਾਰ ਤਾਲ ਵਿਲੰਬਤ

### ਅਸਥਾਈ

| x | | ੦ | | ੨ | | ੦ | | ੩ | | ੪ | |
|---|---|---|---|---|---|---|---|---|---|---|---|
| ਮਂ | ਗ | ਰੁ | ਸਨ | ਰੁ | ਗ | ਮ | - | ਮ | ਮ | - | ਮ |
| ਦੋ | s | ਪ | ਤੀs | s | ਕੁ | ਪੀ | s | ਨ | ਮਾ | s | ਤ੍ਰ |
| ਗ | ਗ | - | ਮਂ | - | ਧੁ | ਧੁ | ਮੱਧੁ | ਮੱ | ਮ | - | - |
| ਦ | ਈ | s | ਜੋ | s | ਮੁ | ਨੀ | ss | ਸ | ਰਹਿ | s | s |
| ਮਂ | ਧੁ | ਧੁ | ਧੁ | ਮਂ | ਧੁ | ਨ | ਸਂ | ਸਂ | ਸਂ | - | ਸਂ |
| ਤਾਂ | s | ਤੇ | ਸ | s | ਭਾ | ਮ | s | ਧਿ | ਬ | s | ਹਿਓ |
| ਨ | ਨ | ਰੁਂ | ਰੁਂ | ਨ | ਧੁ | ਧੁ | ਮਂਧੁ | ਮਂ | ਮ | ਗ | ਮਮਂ |
| ਬ | ਸ | ਨ | ਪ | s | ਰ | ਵਾਹ | ss | s | ਜੀ | s | ss |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਮਂ | ਮਂ | - | ਧੁ | - | ਨ | ਸਂ | ਸਂ | - | ਸਂ | - | ਸਂ |
| ਤ | ਨ | s | ਕ | s | ਤੰ | ਦੁ | ਲ | s | ਜ | s | ਗ |
| ਸਂ | - | - | ਨ | ਸਂਰੁਂ | ਨ | ਧੁ | ਮਂਧੁ | ਮਂ | ਮ | - | ਮ |
| ਦੀ | s | s | ਸਹਿ | ss | s | ਦ | ਏs | ਸ | ਦਾ | s | ਮੇ |
| ਮਂ | ਧੁ | ਧੁ | ਧੁ | ਨ | ਧੁ | ਨ | ਸਂ | - | ਸਂ | - | ਸਂ |
| ਤਾਂ | s | ਤੇ | ਪਾ | s | ਏ | ਚ | ਤੁ | s | ਰ | s | ਪ |
| ਨ | ਨ | ਰੁਂ | ਰੁਂ | ਨ | ਧੁ | ਧੁ | ਮੱਧੁ | ਮਂ | ਮ | ਗ | ਮਮਂ |
| ਦਾ | ਰ | s | ਥ | s | ਅ | ਥਾਹ | ss | s | ਜੀ | s | ss |

## ਜਰੂਰੀ ਬੇਨਤੀ

*ਜੇ ਤੁਹਾਡੇ ਕੋਲ 'ਅੰਮ੍ਰਿਤ ਕੀਰਤਨ' ਦੇ ਪੁਰਾਣੇ ਅੰਕ ਪਏ ਹਨ ਅਤੇ ਤੁਸੀਂ ਉਹਨਾਂ ਦੀ ਲੋੜ ਨਹੀਂ ਸਮਝਦੇ ਤਾਂ ਸਾਨੂੰ ਭੇਜਣ ਦੀ ਕਿਰਪਾ ਕਰਨੀ ।*

**ਸੰਪਾਦਕ**

## ਸ੍ਰ. ਗਿਆਨ ਸਿੰਘ, ਐਬਟਾਬਾਦ

# ਰਾਗ ਖਮਾਜ

ਵਾਦੀ—ਗ
ਸੰਵਾਦੀ—ਨ

ਠਾਟ—ਖਮਾਜ
ਜਾਤ—ਖਾਡਵ-ਸੰਪੂਰਣ

ਸਮਾਂ—ਰਾਤ ਦੂਜਾ ਪਹਿਰ

ਪਕੜ—ਗ ਮ ਪ ਧ ਨੁ ਧ ਪ ਧ ਗ ਮ ਗ ।
ਆਰੋਹ—ਸ ਗ ਮ ਪ ਧ ਨ ਸਂ ।
ਅਵਰੋਹ—ਸਂ ਨੁ ਧ ਪ ਮ ਗ ਰ ਸ ।

### ਛੋਟੀ ਤਿੰਨ ਤਲ

### ਅਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| x | | | | | | ੨ | | 0 | | | ੩ | | | | |
| | | | | | | | | ਪ | — | ਪ | ਧ | ਧ | ਸਂ | ਸਂ | ਨੁ |
| | | | | | | | | ਚਾ | ऽ | ਤ੍ਰਿ | ਕ | ਚਿ | ਤ | ਸੁ | ऽ |
| | | | | | | | | ਮ | | | | | | | |
| ਧ | ਨੁ | ਧ | ਪ | ਮ | ਮ | ਪਧ | ਪ | ਗ | — | — | — | ਮ | ਪ | — | ਧ |
| ਚਿ | ਤ | ਸੁ | ऽ | ਚਿ | ਤ | ਸੁऽ | ऽ | ਸਾ | ऽ | ऽ | ऽ | ऽ | ਜ | ऽ | ਨ |
| ਨ | — | — | ਨ | ਸਂ | — | — | — | | | | | | | | |
| ਚਾ | ऽ | ऽ | ਹੀ | ਐ | ऽ | ऽ | ऽ | | | | | | | | |

### ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | ਪ | | | | |
| | | | | | | ਮ | ਮ | ਮ | ਮ | — | ਧ | — | ਨ | — | — |
| | | | | | | ਜਿ | ਸੁ | ਸੰ | ਗਿ | ऽ | ਲਾ | ऽ | ਗੇ | ऽ | ऽ |
| ਸਂ | — | — | — | — | — | ਨ | — | ਨ | — | — | ਨ | ਸਂ | ਨਸਂ | ਰਂ | ਸਂ |
| ऽ | ऽ | ऽ | ऽ | ऽ | ऽ | ਲਾ | ऽ | ਗੇ | ऽ | ऽ | ਪ੍ਰਾ | ऽ | ਣऽ | ऽ | ऽ |
| ਨੁ | — | ਧ | — | — | — | ਰਂ | — | — | — | — | ਰਂ | ਗਂ | ਰਂਗਂ | ਰਂ | ਸਂ |
| ਪਿਆ | ऽ | ਰੇ | ऽ | ऽ | ऽ | ਜੀ | ऽ | ऽ | ऽ | ऽ | ਤਿ | ऽ | ਸੈऽ | ऽ | ਕਉ |
| ਲ | -ਨ | ਸਂ | — | — | — | ਰਂ | — | — | — | — | ਰਂ | ਗਂ | ਰਂਗਂ | ਰਂ | ਸਂ |
| ਆ | ऽਹੀ | ਐਂ | ऽ | ऽ | ऽ | ਜੀ | ऽ | ऽ | ऽ | ऽ | ਤਿ | ऽ | ਸੈऽ | ऽ | ਕਉ |
| ਲ | — | — | ਰਂ | ਸਂ | — | — | ऽ | | | | | | | | |
| ਆ | ऽ | ऽ | ਹੀ | ਐ | ऽ | ऽ | ऽ | | | | | | | | |

### ਜ਼ਰੂਰੀ ਬੇਨਤੀ

*ਮਨੀਆਰਡਰ ਭੇਜਣ ਸਮੇਂ ਸੁਨੇਹੇ ਵਾਲੀ ਚਿੱਟ ਤੇ ਆਪਣਾ ਨਾਮ, ਪੂਰਾ ਪਤਾ, ਰਕਮ, ਮੰਤਵ ਅਤੇ ਪੁਰਾਣੇ ਮੈਂਬਰ ਆਪਣਾ ਚਿੱਟ ਨੰਬਰ ਜਰੂਰ ਲਿਖਣ ਦੀ ਕਿਰਪਾ ਕੀਤਾ ਕਰਨ ਜੀ ।*

*ਸੰਪਾਦਕ*

# ਸੰਗੀਤ-ਲਿਪੀ ਚਿੰਨ੍ਹ

ਪ ਜਿਨ੍ਹਾਂ ਸੁਰਾਂ ਦੇ ਉਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮੱਧ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ ।

ਧੁ ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ ; ਪਰ ਕੋਮਲ ਮਧਿਅਮ ਉਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ । ਹਰਮੋਨੀਅਮ ਦੇ ਸੁਰ ਨੰ: 2, 4, 9, 11 ਕੋਮਲ ਸੁਰ ਹਨ ।

ਮੰ ਇਹ ਤੀਬਰ ਮਧਿਅਮ ਹੈ । ਸੁਰ ਨ: 7 ਤੀਬਰ ਮਧਿਅਮ ਹੈ ।

ਪ਼/ਧ਼ ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ ।

ਸਂ/ਪਂ ਜਿਨ੍ਹਾਂ ਸੁਰਾਂ ਦੇ ਉਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ ।


ਪ— ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (-) ਹਨ ਉਸ ਨੂੰ ਉਤਨੀਆਂ ਮਾਤਰਾਂ ਤਕ ਗਾਉਣਾ ਹੈ ।

ਸ਼ਾਂ s ਜਿਸ ਅੱਖਰ ਅੱਗੇ ਜਿੰਨੇ s ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ ।

ਧਪ ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿੱਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿੱਚ ਗਾਉਣਾ ਹੈ ।

ਮਪ ਜਿਹੜਾ ਸੁਰ ਕਿਸੇ ਸੁਰ ਦੇ ਉਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ ।

**XO 123** X ਸਮ, O ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ ।



# ਮਹੀਨਾ ਮਾਰਚ/ਫੱਗਣ

ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥ ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥ ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥ ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥ ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥ ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥ ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥ ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ ॥ ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥੨॥

## ਦਿਨ ਦਿਹਾਰ ਤੇ ਛੁੱਟੀਆਂ

| | |
|---|---|
| ਸ਼ਿਵਰਾਤਰੀ | 7 ਮਾਰਚ |
| ਸੰਮਤ ਸ਼ਾਕਾ 1919 ਸ਼ੁਰੂ | 22 ਮਾਰਚ |
| ਹੋਲਾ ਮਹੱਲਾ | 25 ਮਾਰਚ |
| ਗੁਡ ਫਰਾਈ ਡੇ | 28 ਮਾਰਚ |

**ਸਾਡਾ ਵਿਰਸਾ ਸਾਡਾ ਗੌਰਵ**

'ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ' ਵੱਲੋ ਪ੍ਰਕਾਸ਼ਿਤ ਮਾਸਿਕ ਪੱਤਰ ।

ਮਾਡਲ ਟਾਊਨ ਐਕਟੈਨਸ਼ਨ
ਲੁਧਿਆਣਾ

| | |
|---|---|
| ਸੰਮਤ ਬਿਕ੍ਰਮੀ | 2053 |
| ਸੰਮਤ ਨਾਨਕਸ਼ਾਹੀ | 528 |
| ਸੰਮਤ ਖਾਲਸਾ | 298 |
| ਸੰਮਤ ਸ਼ਾਕਾ | 1918-19 |

**ਮਾਰਚ**
**MARCH 1997**

| | |
|---|---|
| ਸੰਗਰਾਂਦ | 14 ਮਾਰਚ |
| ਪੂਰਨਮਾਸ਼ੀ | 24 ਮਾਰਚ |
| ਮਸਿਆ | 9 ਮਾਰਚ |
| ਪੰਚਮੀ | 13 ਮਾਰਚ |

| | | | | | |
|---|---|---|---|---|---|
| ਐਤ SUN | 30<br>17 ਚੇਤਰ<br>ਚੇਤਰ ਵਦੀ 6 | 2<br>19 ਫਗਣ<br>ਫਗਣ ਵਦੀ 8 | 9<br>26 ਫਗਣ<br>ਮਸਿਆ-ਫ:ਸੁ: 1 | 16<br>3 ਚੇਤਰ<br>ਫਗਣ ਸੁਦੀ 8 | 23<br>10 ਚੇਤਰ<br>ਫਗਣ ਸੁਦੀ 14 |
| ਸੋਮ MON | 31<br>18 ਚੇਤਰ<br>ਚੇਤਰ ਵਦੀ 7 | 3<br>20 ਫਗਣ<br>ਫਗਣ ਵਦੀ 9 | 10<br>27 ਫਗਣ<br>ਫਗਣ ਸੁਦੀ 2 | 17<br>4 ਚੇਤਰ<br>ਫਗਣ ਸੁਦੀ 9 | 24<br>11 ਚੇਤਰ<br>ਪੂਰਨਮਾਸ਼ੀ |
| ਮੰਗਲ TUE | | 4<br>21 ਫਗਣ<br>ਫਗਣ ਵਦੀ 10 | 11<br>28 ਫਗਣ<br>ਫਗਣ ਸੁਦੀ 3 | 18<br>5 ਚੇਤਰ<br>ਫਗਣ ਸੁਦੀ 10 | 25<br>12 ਚੇਤਰ<br>ਚੇਤਰ ਵਦੀ 1 |
| ਬੁੱਧ WED | | 5<br>22 ਫਗਣ<br>ਫਗਣ ਵਦੀ 11 | 12<br>29 ਫਗਣ<br>ਫਗਣ ਸੁਦੀ 4 | 19<br>6 ਚੇਤਰ<br>ਫਗਣ ਸੁਦੀ 11 | 26<br>13 ਚੇਤਰ<br>ਚੇਤਰ ਵਦੀ 2 |
| ਵੀਰ THU | | 6<br>23 ਫਗਣ<br>ਫਗਣ ਵਦੀ 12 | 13<br>30 ਫਗਣ<br>ਫਗਣ ਸੁਦੀ 5 | 20<br>7 ਚੇਤਰ<br>ਫਗਣ ਸੁਦੀ 12 | 27<br>14 ਚੇਤਰ<br>ਚੇਤਰ ਵਦੀ 3 |
| ਸ਼ੁੱਕਰ FRI | | 7<br>24 ਫਗਣ<br>ਫਗਣ ਵਦੀ 13 | 14<br>1 ਚੇਤਰ<br>ਫਗਣ ਸੁਦੀ 6 | 21<br>8 ਚੇਤਰ<br>ਫਗਣ ਸੁਦੀ 13 | 28<br>15 ਚੇਤਰ<br>ਚੇਤਰ ਵਦੀ 4 |
| ਸ਼ਨੀ SAT | 1<br>18 ਫਗਣ<br>ਫਗਣ ਵਦੀ 7 | 8<br>25 ਫਗਣ<br>ਫਗਣ ਵਦੀ 14 | 15<br>2 ਚੇਤਰ<br>ਫਗਣ ਸੁਦੀ 7 | 22<br>9 ਚੇਤਰ<br>ਫਗਣ ਸੁਦੀ 14 | 29<br>16 ਚੇਤਰ<br>ਚੇਤਰ ਵਦੀ 5 |

**ਅਰਥ-** ਚੇਤ ਵਿਚ (ਬਸੰਤ ਰੁੱਤ ਆਉਂਦੀ ਹੈ, ਹਰ ਪਾਸੇ ਖਿੜੀ ਫੁਲਵਾੜੀ ਮਨ ਨੂੰ ਆਨੰਦ ਦੇਂਦੀ ਹੈ, ਜੇ) ਪਰਮਾਤਮਾ ਨੂੰ ਸਿਮਰੀਏ (ਤਾਂ ਸਿਮਰਨ ਦੀ ਬਰਕਤਿ ਨਾਲ) ਬਹੁਤ ਆਤਮਕ ਆਨੰਦ ਹੋ ਸਕਦਾ ਹੈ । ਪਰ ਜੀਭ ਨਾਲ ਪ੍ਰਭੂ ਦਾ ਨਾਮ ਜਪਣ ਦੀ ਦਾਤਿ ਸੰਤ ਜਨਾਂ ਨੂੰ ਮਿਲ ਕੇ ਹੀ ਪ੍ਰਾਪਤ ਹੁੰਦੀ ਹੈ । ਉਸ ਬੰਦੇ ਨੂੰ ਜਗਤ ਵਿਚ ਜੰਮਿਆ ਜਾਣੋ (ਉਸੇ ਦਾ ਜਨਮ ਸਫਲਾ ਸਮਝੋ) ਜਿਸ ਨੇ (ਸਿਮਰਨ ਦੀ ਸਹਾਇਤਾ ਨਾਲ) ਆਪਣੇ ਪਰਮਾਤਮਾ ਦਾ ਮਿਲਾਪ ਹਾਸਲ ਕਰ ਲਿਆ (ਕਿਉਂਕਿ) ਪਰਮਾਤਮਾ ਦੀ ਯਾਦ ਤੋਂ ਬਿਨਾ ਇਕ ਖਿਨ-ਮਾਤ੍ਰ ਸਮਾਂ ਗੁਜ਼ਾਰਿਆਂ ਭੀ ਜ਼ਿੰਦਗੀ ਵਿਅਰਥ ਬੀਤਦੀ ਜਾਣੋ ।

ਜੇਹੜਾ ਪ੍ਰਭੂ ਪਾਣੀ ਵਿਚ ਧਰਤੀ ਵਿਚ ਆਕਾਸ਼ ਵਿਚ ਜੰਗਲਾਂ ਵਿਚ ਹਰ ਥਾਂ ਵਿਆਪਕ ਹੈ, ਜੇ ਐਸਾ ਪ੍ਰਭੂ ਕਿਸੇ ਮਨੁੱਖ ਦੇ ਹਿਰਦੇ ਵਿਚ ਨਾਹ ਵਸੇ, ਤਾਂ ਉਸ ਮਨੁੱਖ ਦਾ (ਮਾਨਸਕ) ਦੁੱਖ ਬਿਆਨ ਨਹੀਂ ਹੋ ਸਕਦਾ । (ਪਰ) ਜਿਨ੍ਹਾਂ ਬੰਦਿਆਂ ਨੇ ਉਸ (ਸਰਬ-ਵਿਆਪਕ) ਪ੍ਰਭੂ ਨੂੰ ਆਪਣੇ ਹਿਰਦੇ ਵਿਚ ਵਸਾਇਆ ਹੈ, ਉਹਨਾਂ ਦਾ ਬੜਾ ਭਾਗ ਜਾਗ ਪੈਂਦਾ ਹੈ ।

ਨਾਨਕ ਦਾ ਮਨ (ਭੀ) ਹਰੀ ਦੇ ਦੀਦਾਰ ਨੂੰ ਤਾਂਘਦਾ ਹੈ, ਨਾਨਕ ਦੇ ਮਨ ਵਿਚ ਹਰੀ-ਦਰਸ਼ਨ ਦੀ ਪਿਆਸ ਹੈ । ਜੇਹੜਾ ਮਨੁਖ ਮੈਨੂੰ ਹਰੀ ਦਾ ਮਿਲਾਪ ਕਰਾ ਦੇਵੇ ਮੈਂ ਉਸ ਦੀ ਚਰਨੀਂ ਲੱਗਾਂਗਾ ।੨।

*ਜੇ ਤੁਹਾਨੂੰ ਅੰਮ੍ਰਿਤ ਕੀਰਤਨ ਚੰਗਾ ਲਗਦਾ ਹੈ ਤਾਂ ਇਸ ਦੇ ਹੋਰ ਮੈਂਬਰ ਬਣਾਓ, ਨਹੀਂ ਤਾਂ ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜੋ*

## ਰਾਗੀ ਜੱਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ) ਦਾ ਕੀਰਤਨ ਪ੍ਰੋਗਰਾਮ

| | | |
|---|---|---|
| 9 ਮਾਰਚ 1997 | | |
| | ਸਵੇਰੇ 7 ਤੋਂ 8 ਵਜੇ | |
| | ਸ਼ਾਮ 3 ਤੋਂ 4 ਵਜੇ | ਗੁਰੂ ਫਾਰਮ, ਸੈਣੀ ਮਾਜਰਾ<br>ਤਹਿ. ਨਾਲਾਗੜ੍ਹ, ਜ਼ਿਲਾ ਸੋਲਨ |
| 15 ਮਾਰਚ | | |
| | ਦਿਨੇ 12 ਤੋਂ 1 ਵਜੇ | 641, ਫੇਜ਼ 3ਬੀ-1, ਮੁਹਾਲੀ |
| 23 ਮਾਰਚ 1997 | | |
| | ਸਵੇਰੇ 10 ਤੋਂ 12 ਵਜੇ | ਈ-9, ਰਾਜੌਰੀ ਗਾਰਡਨ, ਨਵੀ ਦਿੱਲੀ |
| 5 ਅਪ੍ਰੈਲ | | |
| | 10 ਤੋਂ 12 | ਗੁ: ਸਿੰਘ ਸਭਾ<br>ਵੈਸਟ ਪਟੇਲ ਨਗਰ, ਨਵੀ ਦਿੱਲੀ |
| 13 ਅਪ੍ਰੈਲ 1997 | | |
| | ਵਿਸਾਖੀ ਕੀਰਤਨ | ਗੁ: ਸਿੰਘ ਸਭਾ<br>ਟੀ.ਟੀ. ਨਗਰ, ਭੋਪਾਲ |

---

ਨੋਟ : ਰਾਗੀ ਜੱਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ) ਦੇ ਕੀਰਤਨ ਦੀਆਂ ਟੇਪਾਂ ਹੇਠ ਲਿਖੇ ਸਥਾਨਾਂ ਤੋਂ ਮਿਲ ਸਕਦੀਆਂ ਹਨ ।

| | |
|---|---|
| **ਅੰਮ੍ਰਿਤ ਵਰਖਾ**<br>7/1, ਵੈਸਟ ਪਟੇਲ ਨਗਰ,<br>ਨਵੀਂ ਦਿੱਲੀ<br>ਫੋਨ : 5742058 | **MATTA AUDIO VIDEO**<br>Whole Salers : Audio Cassettes<br>& Video Movie Makers<br>CABIN NO. 1-A, 1ST FLOOR, S.C.O. 1010-11,<br>SECTOR 22-B, CHANDIGARH<br>PHONES : (O) 771688, (R) 675004<br>PAGER: 9610-6039 |
| **ਅੰਮ੍ਰਿਤ ਕੀਰਤਨ ਟ੍ਰਸਟ**<br>422, ਸੈਕਟਰ 15-A<br>ਚੰਡੀਗੜ੍ਹ-160015<br>ਫੋਨ-722660 | **Pal Radios**<br>Shop No. 53,<br>Badheri, Chandigarh (U.T.) |
| **Amar Onkar Electrical**<br>S.C.F. 11, Sector 11-D,<br>Chadigarh<br>Phone : 541827 | **S. Amarjit Shah Singh**<br>31, West Minister Road<br>Leaming -W.A. Australia<br>ਫੋਨ-061-9-332-6102 |

-ਡਾ. ਜਾਗੀਰ ਸਿੰਘ ਪ੍ਰਧਾਨ ਅੰਮ੍ਰਿਤ ਕੀਰਤਨ ਟਰੱਸਟ ਨੇ ਡੀ.ਬੀ. ਪ੍ਰਿੰਟਰਜ਼ S.C.O. 59, ਫੇਸ 3-ਬੀ-2,ਮੋਹਾਲੀ ਫੋਨ 675808 ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ ।

Regd. NO. PB/CH-155
RNI Regd No. 46788/89

**BOOK POST**
(Printed Matter)

To

______________________________

______________________________

______________________________

*If undelivered please return to*

**AMRIT KIRTAN TRUST (Regd.)**
422, Sector 15-A, Chandigarh-160 015
Phone : 772660

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਲਾ ਮਾਸਿਕ ਪੱਤਰ

# ਅੰਮ੍ਰਿਤ ਕੀਰਤਨ

ਅੰਕ 3 ਸਾਲ ਨੌਵਾਂ ਮਾਰਚ 1997

ਪਰਚਾ ਨਾ ਮਿਲਣ ਦੀ ਜਾਂ ਕੋਈ ਹੋਰ ਸ਼ਿਕਾਇਤ ਹੋਵੇ ਜਾਂ ਤੁਸੀਂ ਆਪਣਾ ਪਤਾ ਬਦਲ ਲਿਆ ਹੋਵੇ ਤਾਂ ਆਪਣੇ ਚਿੱਟ ਨੰਬਰ ਦਾ ਹਵਾਲਾ ਦੇ ਕੇ ਚਿੱਠੀ ਭੇਜ ਦਿਉ । ਚਿੱਟ ਨੰਬਰ ਤੋਂ ਬਿਨਾਂ ਕੋਈ ਕਾਰਵਾਈ ਨਹੀਂ ਹੋ ਸਕੇਗੀ । ਆਪ ਦਾ ਚਿੱਟ ਨੰਬਰ ਇਸ ਲਿਫਾਫੇ ਉਤੇ ਆਪ ਦੇ ਨਾਮ ਤੋਂ ਪਹਿਲਾਂ ਲਿਖਿਆ ਹੋਇਆ ਹੈ ।